# ਅੰਮ੍ਰਿਤ ਕੀਰਤਨ

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਫਰਵਰੀ 2007

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 2 ◆ ਸਾਲ ਉਨ੍ਹੀਵਾਂ ◆ ਫਰਵਰੀ 2007



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007

**ਚੰਦੇ ਦਾ ਵੇਰਵਾ**

▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.

▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
**ਫੋਨ** : 0172-2772660, 098140 53630

e-mail: drjagirsingh@gmail.com



| | |
|---|---|
| ਮਿਤ੍ਰ ਅਸਾਡੜੇ ਸੇਈ<br>*ਪਾਠਕਾਂ ਦੇ ਪੱਤਰ* | 2 |
| ਕਰਉ ਬੇਨੰਤੀਆ<br>*ਸੰਪਾਦਕੀ* | 3 |
| ਗੁਰਮਤਿ ਸੰਗੀਤ ਦੀ ਸਥਾਪਨਾ :<br>ਗੁਰੂ ਅਰਜਨ ਦੇਵ ਜੀ ਦੇ ਯੋਗਦਾਨ ਦੇ ਸੰਦਰਭ ਵਿਚ<br>*ਡਾ. ਗੁਰਨਾਮ ਸਿੰਘ* | 4 |
| ਰਾਗ ਵਿਵਰਨ - ਰਾਗੁ ਸੂਹੀ<br>*ਪ੍ਰੋ: ਕਰਤਾਰ ਸਿੰਘ* | 9 |
| ਕੀਰਤਨੁ<br>*ਡਾ. ਰਤਨ ਸਿੰਘ ਜੱਗੀ* | 11 |
| ਸਤਿਨਾਮ ਦੀ ਨਿਸ਼ਕਾਮ ਪ੍ਰਚਾਰਕ - ਬੀਬੀ ਸਤਿਨਾਮ ਕੌਰ<br>*ਡਾ. ਗੁਰਮੀਤ ਸਿੰਘ ਬੈਦਵਾਣ* | 14 |
| ਕਾਵਿ ਅਤੇ ਸੰਗੀਤ : ਅੰਤਰ ਸਬੰਧ<br>*ਡੇਜ਼ੀ ਵਾਲੀਆ* | 15 |
| ਗੁਰੂ ਘਰ ਦੇ ਕੀਰਤਨੀਏ-ਭਾਈ ਅਵਤਾਰ ਸਿੰਘ 'ਹੰਸ'<br>*ਸ. ਹਰਨੇਕ ਸਿੰਘ (ਰਿਟਾ.ਬੀ.ਈ.ਓ.)* | 18 |
| Sikh musicology has power of healing<br>*Gur Kirpal Singh Ashk* | 19 |
| Shree Baba Harballabh Sangeet Sammelan<br>Brief History | 20 |
| ਸੁਰ ਲਿਪੀ<br>*ਹਰਦੀਪ ਕੌਰ* | 22 |
| ਸੁਰ ਲਿਪੀ ਵਾਲੇ ਸ਼ਬਦ ਦੇ ਅਰਥ<br>*ਹਰਦੀਪ ਕੌਰ* | 24 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
**sohal specials**
**Designers & Printers**
**Phone: 98145 25351**

# ਮਿਤ੍ਰ ਅਸਾਡੜੇ ਸੇਈ

♦ I have read with great interest the Article by Karan Singh Rattan on page 17 of the November 2006 issue of Amrit Kirtan.

I admit that there are very few Sikhs who understand or appreciate pucca Rag unlike in Tamil Nadu & some other states where people learn it & appreciate it more. However I do not agree that Ragis should do Kirtan on filmy tunes because as a result thereof, the youngers start thinking more about the film/actor etc. who sang it & forget Gurbani. In the fifties & sixties many Ragis were doing Kirtan in Pucca Raag & some in filmy tunes. Both types have considerably changed, of late, and most Ragis recite first shabad in pucca Raag and rest in saral tunes. But saral tunes does not mean that it is or should be in filmy tunes. The latter is totally unacceptable in a Gurudwara.

As far as the second point is concerned that Raagis have become mercenaries. If a Raagi has a bad character (Acharan) it is absolutely unacceptable.

However when cyclone comes, it spares none. If we have all become mercenaries, then Raagis cannot be an exception. After all they too have a family and a future to look for, save for a rainy day when their voice may give way & they know no other trade or work to fall back upon. A recent incident comes to mind. At an annual function in Tikana Sahib Gurudwara, where top Raagis, Kathakars & VIP's are invited, a revered Head Granthi of Sri Harmander Sahib referred to Bedi Sarbjot Singh of Una Sahib as the seventeenth 'Jot' incarnation of Guru Nanak. He may be 17th in line of succession of Guru Nanak Sahib but his 'Jot' travelled only upto Guru Gobind Singh Sahib. Our religious leadership has fallen so low that he who pays the piper calls the tune and they do not mind subverting the established Sikh tenets. That being so, why blame the lowly Raagis?

It is a shame that most of the Gurudwara committees treat the Raagis they employ as their employees/servants & pay them a pittance. There is another fact that committees do not even pay the staff, sewadars subsistence wages but less than the minimum wage prescribed by Government for unskilled labour, which is reprehensible . We've started building huge Gurudwara's with marble which the moguls used for mausoleums but get a stomach ache when it comes to paying the staff a fair wage.

I find totally no justification for Gurudwara Committees to take a cut out of the "Shabad Bhet" during the Kirtan. That is a shame on Gurudwara Committees & must stop forthwith.

It is true that Sikhs spend millions on wedding functions but pay a pittance of the Ragis & nominal Kirtan Bhet. Why can't we open our offers for the Ragis also, at least the deserving ones?

Practice of cuts by clerks for engaging Ragis on Gurudwaras is also a shame but obviously may be true because all over, the clerks and inspector staff feels that salary they get is for coming to office & they must get paid for every other work they do in the office.

Sikhs are not becoming 'Patit' because of the Ragis demanding a living wage but for various other reasons. Ragis alone cannot be blamed & held responsible for fall of the youth from the ideas of Sikhism. There are various other reasons for it.

I am writing this so that the community/ Gurudwara committee's wake up to the reality & try to improve matters.

***B.S. Ahuja (Advocate)***
*C-353, Defence Colony, New Delhi*

# ਗੁਰਮਤਿ ਸੰਗੀਤ ਦਾ ਅਦੁੱਤੀ ਵਿਦਵਾਨ ਅਤੇ ਸੰਭਾਲਕ ਰਾਗੀ ਗੁਰਚਰਨ ਸਿੰਘ ਕੰਵਲ

ਰਾਗੀ ਗੁਰਚਰਨ ਸਿੰਘ ਕੰਵਲ ਹੋਰਾਂ ਦੀ ਪੁਸਤਕ- *ਜੀਵਨ ਗਾਥਾ ਭਾਈ ਸਾਹਿਬ ਜਵਾਲਾ ਸਿੰਘ ਜੀ ਰਾਗੀ* ਪ੍ਰਾਪਤ ਹੋਈ। ਹੁਣ ਤਕ ਅਸੀਂ ਰਾਗੀ ਗੁਰਚਰਨ ਸਿੰਘ ਦਾ ਨਾਮ ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਦੇ ਰਾਗੀ ਜਥੇ ਵਿਚ ਹੀ ਪੜ੍ਹਦੇ ਸੁਣਦੇ ਰਹੇ ਹਾਂ। ਭਾਈ ਅਵਤਾਰ ਸਿੰਘ ਰਾਗੀ ਜਥੇ ਵਿਚ ਮੁਖੀ ਦੇ ਤੌਰ 'ਤੇ ਜਾਣੇ ਜਾਂਦੇ ਸਨ ਪਰ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਤੋਂ 10 ਸਾਲ 5 ਮਹੀਨੇ ਛੋਟੇ ਹਨ। ਭਾਈ ਅਵਤਾਰ ਸਿੰਘ ਨੂੰ ਮੁਖੀ ਬਣਾ ਕੇ ਉਨ੍ਹਾਂ ਦੇ ਵੱਡੇ ਭਰਾ ਵਾਲਾ ਫ਼ਰਜ਼ ਨਿਭਾਇਆ ਅਤੇ ਭਾਈ ਅਵਤਾਰ ਸਿੰਘ ਨੂੰ ਕਾਮਯਾਬ ਕਰਨ ਵਿਚ ਅਹਿਮ ਰੋਲ ਅਦਾ ਕੀਤਾ।

ਇਸ ਤੋਂ ਮੈਨੂੰ ਆਪਣੇ ਪਿਤਾ ਜੀ ਦੀ ਕਰਨੀ ਯਾਦ ਆਉਂਦੀ ਹੈ। ਮੈਂ ਆਪਣੇ ਪਿਤਾ ਜੀ ਨਾਲ ਗੁਰਦਵਾਰਾ ਦੁਖ ਨਿਵਾਰਨ ਸਾਹਿਬ ਵਿਖੇ ਕੀਰਤਨ ਕਰਦਾ ਸਾਂ। ਭਾਈ ਬਖਸ਼ੀਸ਼ ਸਿੰਘ ਦਾ ਰਾਗੀ ਜਥਾ ਟੁੱਟ ਗਿਆ। ਉਨ੍ਹਾਂ ਨੇ ਆਵਾਜ਼ ਦੇਖ ਕੇ ਮੇਰੇ ਪਿਤਾ ਜੀ ਤੋਂ ਝੋਲੀ ਅੱਡ ਕੇ ਮੈਨੂੰ ਮੰਗ ਲਿਆ। ਮੈਂ ਥੋੜੀ ਆਨਾਕਾਨੀ ਕੀਤੀ। ਪਿਤਾ ਜੀ ਕਹਿਣ ਲੱਗੇ ਮੇਰੇ ਕੋਲ ਜੋ ਕੁਝ ਹੈ ਤੂੰ ਸਿੱਖ ਲਿਆ ਹੈ ਹੁਣ ਭਾਈ ਬਖਸ਼ੀਸ਼ ਸਿੰਘ ਦਾ ਗੁਣ ਹਾਸਲ ਕਰਕੇ ਅੱਗੇ ਵਧ। ਬਾਅਦ ਵਿਚ ਉਨ੍ਹਾਂ ਮੈਨੂੰ ਵੱਖਰਾ ਜਥਾ ਬਣਾਉਣ ਦੀ ਪ੍ਰੇਰਣਾ ਦਿੱਤੀ ਤੇ ਕਿਹਾ "ਬੋਹੜ ਦੀ ਛਾਂ ਥੱਲੇ ਉੱਗੇ ਬੂਟੇ ਬਹੁਤੇ ਨਹੀਂ ਪਲਰਦੇ। ਹੁਣ ਸੁਤੰਤਰ ਹੋ ਕੇ ਵਿਚਰੋ।" ਇਹ ਪਰਉਪਕਾਰੀ ਲੋਕਾਂ ਦੀਆਂ ਵੱਡੀਆਂ ਗੱਲਾਂ ਹੁੰਦੀਆਂ ਹਨ। ਭਾਈ ਗੁਰਚਰਨ ਸਿੰਘ ਜਿਨ੍ਹਾਂ ਨੇ ਭਾਈ ਅਵਤਾਰ ਸਿੰਘ ਨੂੰ ਗੋਦੀ ਖਿਡਾਇਆ, ਭਾਈ ਸਵਰਨ ਸਿੰਘ ਨੂੰ ਤਬਲੇ ਦੀ ਸਿੱਖਿਆ ਦਿੱਤੀ। ਆਪ ਉਹਨਾਂ ਦੇ ਪਿਛੇ ਹੋ ਗਏ, ਫਿਰ ਨੌਜਵਾਨ ਪੀੜ੍ਹੀ ਨੂੰ ਅੱਗੇ ਲਿਆਉਣ ਲਈ ਜਥੇ ਤੋਂ ਹੀ ਵੱਖ ਹੋ ਗਏ।

ਆਪ ਜਿਥੇ ਤਬਲਾ, ਹਰਮੋਨੀਅਮ ਅਤੇ ਤਾਊਸ ਵਜਾਉਣ ਵਿਚ ਨਿਪੁੰਨ ਹਨ ਉਥੇ ਗੁਰਮਤਿ ਸੰਗੀਤ ਸਿਧਾਂਤ ਦੇ ਵੀ ਮਾਹਿਰ ਹਨ। ਪੰਜਾਬੀ ਯੂਨੀਵਰਸਿਟੀ ਵਲੋਂ ਤਿਆਰ ਕੀਤੀ ਪੁਸਤਕ 'ਗੁਰਬਾਣੀ ਪ੍ਰਾਚੀਨ ਰੀਤ ਰਤਨਾਵਲੀ' ਵਿਚ ਉਹ ਬਰਾਬਰ ਦੇ ਲੇਖਕ ਹਨ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਪੁਸਤਕਾਂ ਚਰਨ ਕਮਲ ਦੀ ਮਉਜ (ਕਵਿਤਾ), ਕਮਲ ਵਿਗਾਸਨ, ਬੇਬੇ ਨਾਨਕੀ, ਕੀਰਤਨ ਨਿਰਮੋਲਕ ਹੀਰਾ ਤੇ ਸੰਗੀਤ ਕਲਾ, ਸਚਾਈਆਂ ਪਰ ਕੌੜੀਆਂ ਕੁਝ ਮਿੱਠੀਆਂ, ਪੰਥਕ ਮਹੱਲ ਵੀ ਪੜ੍ਹਨ ਯੋਗ ਹਨ। ਹੁਣ ਉਨ੍ਹਾਂ ਨੇ ਆਪਣੇ ਪਿਤਾ ਭਾਈ ਜਵਾਲਾ ਸਿੰਘ ਜੀ ਦੀ ਜੀਵਨੀ ਲਿਖ ਕੇ ਉਸ ਯੁੱਗ ਨੂੰ ਸੰਭਾਲਣ ਦਾ ਯਤਨ ਕੀਤਾ ਹੈ।

**90-91 ਸਾਲਾਂ ਦੇ ਭਾਈ ਗੁਰਚਰਨ ਸਿੰਘ ਹੋਰਾਂ ਦੀ ਘਾਲਣਾ ਅੱਗੇ ਅਸੀਂ ਨਤਮਸਤਕ ਹਾਂ।**

**ਸਮਰਥ ਸੰਸਥਾਵਾਂ ਨੂੰ ਬੇਨਤੀ ਹੈ ਕਿ ਗੁਰਮਤਿ ਸੰਗੀਤ ਦੇ ਇਸ ਬਾਬਾ ਬੋਹੜ ਨੂੰ ਸਨਮਾਨਿਤ ਕਰਕੇ ਆਪਣਾ ਮਾਣ ਵਧਾਉਣ। ਭਾਈ ਸਾਹਿਬ ਨਾਲ ਸੰਪਰਕ ਹੇਠ ਲਿਖੇ ਪਤੇ ਤੇ ਕੀਤਾ ਜਾ ਸਕਦਾ ਹੈ:**

**ਰਾਗੀ ਗੁਰਚਰਨ ਸਿੰਘ 'ਕੰਵਲ'**
B-5, N.D.S.E. Part II,
New Delhi - 110 049

# ਗੁਰਮਤਿ ਸੰਗੀਤ ਦੀ ਸਥਾਪਨਾ : ਗੁਰੂ ਅਰਜਨ ਦੇਵ ਜੀ ਦੇ ਯੋਗਦਾਨ ਦੇ ਸੰਦਰਭ ਵਿਚ

ਡਾ. ਗੁਰਨਾਮ ਸਿੰਘ

ਗੁਰਮਤਿ ਸੰਗੀਤ, ਸਿੱਖ ਧਰਮ ਦੇ ਸ਼ਬਦ ਕੀਰਤਨ ਦੀ ਸਥਾਪਤ ਸੰਗੀਤ ਪੱਧਤੀ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਸੰਗੀਤ ਪੱਧਤੀ ਦਾ ਆਗਾਜ਼ ਭਾਈ ਮਰਦਾਨਾ ਦੇ ਰਬਾਬ ਦੇ ਵਾਦਨ ਸੰਗੀਤ ਦੀ ਵਿਸਮਾਦੀ ਧੁਨ ਸੰਗ 'ਖਲਕ ਦੇ ਆਦੇਸ਼'[1] ਰੂਪੀ 'ਖਸਮ ਦੀ ਬਾਣੀ'[2] ਦੇ ਸੰਚਰਣ ਲਈ ਸ਼ਬਦ ਕੀਰਤਨ ਦੇ ਪ੍ਰਵਾਹ ਦੁਆਰਾ ਕੀਤਾ। ਉਦਾਸੀ ਦੀ ਰੀਤ ਦੁਆਰਾ ਗੁਰਮਤਿ ਸੰਗੀਤ ਦਾ ਇਹ ਸ਼ਬਦ ਕੀਰਤਨ ਪ੍ਰਵਾਹ ਸਰਬ ਲੋਕਾਈ ਤੱਕ ਸੰਚਰਿਤ ਹੋਇਆ।[3] ਇਸ ਪ੍ਰੰਪਰਾ ਨੂੰ ਸਮੂਹ ਗੁਰੂ ਸਾਹਿਬਾਨ ਤੇ ਸਿੱਖ ਸੰਗਤਾਂ ਨੇ ਪ੍ਰਚਲਿਤ ਕਰਦਿਆਂ ਸਿੱਖ ਗੁਰਦੁਆਰਾ ਸਾਹਿਬਾਨ ਦੀ ਮਰਿਯਾਦਾ ਅਤੇ ਸਮੁੱਚੀ ਸੰਪੂਰਣ ਸਿੱਖੀ ਜੀਵਨ ਦਾ ਅਨਿਖੜਵਾਂ ਅੰਗ ਬਣਾਇਆ। ਸ਼ਬਦ ਕੀਰਤਨ ਹਿੱਤ ਗੁਰਮਤਿ ਦੀ ਅਨੁਸਾਰੀ ਇਸ ਸੰਗੀਤ ਪ੍ਰੰਪਰਾ ਦਾ ਮੁੱਢ ਜਿਥੇ ਗੁਰੂ ਨਾਨਕ ਦੇਵ ਜੀ ਨੇ ਰਾਗ, ਕੀਰਤਨ, ਗਾਇਨ ਸ਼ੈਲੀਆਂ, ਕੀਰਤਨ ਚੌਕੀਆਂ, ਕੀਰਤਨ ਸਾਜ਼ਾਂ ਦਾ ਪ੍ਰਯੋਗ ਤੇ ਪ੍ਰਚਲਨ ਆਪਣੀ ਬਾਣੀ ਦੇ ਸ਼ਬਦ ਕੀਰਤਨ ਹਿਤ ਕੀਤਾ। ਗੁਰੂ ਅਰਜਨ ਦੇਵ ਜੀ ਨੂੰ ਇਹ ਮਹਾਨ ਪ੍ਰੰਪਰਾ ਵਿਰਾਸਤ ਰੂਪ ਵਿਚ ਪ੍ਰਾਪਤ ਹੋਈ।

ਗੁਰੂ ਅਰਜਨ ਦੇਵ ਜੀ ਦੇ ਯੁੱਗ ਦੇ ਸੰਗੀਤ ਕੈਨਵਸ ਉਤੇ ਝਾਤ ਮਾਰੀਏ ਤਾਂ ਗੁਰੂ ਅਰਜਨ ਦੇਵ ਜੀ ਦੇ ਕਾਲ ਤੱਕ ਭਾਰਤੀ ਸੰਗੀਤ ਦੀਆਂ ਦੋਵੇਂ ਸੰਗੀਤ ਪੱਧਤੀਆਂ ਹਿੰਦੁਸਤਾਨੀ ਸੰਗੀਤ ਪੱਧਤੀ (ਉੱਤਰੀ ਭਾਰਤੀ ਸੰਗੀਤ ਪੱਧਤੀ) ਅਤੇ ਕਰਨਾਟਕੀ ਸੰਗੀਤ ਪੱਧਤੀ (ਦੱਖਣੀ ਭਾਰਤੀ ਸੰਗੀਤ ਪੱਧਤੀ) ਆਪੋ ਆਪਣੇ ਸਪਸ਼ਟ ਵਖਰੇਵਿਆਂ ਦੀ ਪਛਾਣ-ਸਥਾਪਤੀ ਉਪਰੰਤ ਆਪੋ ਆਪਣੇ ਵਹਿਣ ਦੀ ਪੂਰਨ ਸਥਾਪਨਾ ਕਰ ਚੁੱਕੀਆਂ ਹਨ।

ਭਾਰਤੀ ਸੰਗੀਤ ਦੇ ਗ੍ਰੰਥਕਾਰ ਹੁਣ ਹਿੰਦੁਸਤਾਨੀ ਸੰਗੀਤ ਦੀ ਸੁਤੰਤਰ ਹਸਤੀ ਤਸਲੀਮ ਕਰ, ਇਸ ਦੇ ਸਿਧਾਂਤਕ ਅਧਾਰਾਂ ਦੇ ਵਿਸ਼ਲੇਸ਼ਣ ਵਿਚ ਪੈ ਚੁੱਕੇ ਹਨ।[4] ਭਾਰਤੀ ਸੰਗੀਤ ਦੇ ਸੰਦਰਭ ਵਿਚ ਗੁਰੂ ਅਰਜਨ ਕਾਲ ਦੀ ਪਿੱਠ-ਭੂਮੀ ਉਤੇ ਸੰਗੀਤ ਇਤਿਹਾਸ ਦਾ ਸੁਨਹਿਰੀ ਯੁੱਗ (ਗੋਲਡਨ ਪੀਰੀਅਡ) ਦ੍ਰਿਸ਼ਟੀਗੋਚਰ ਹੁੰਦਾ ਹੈ ਜਿਸ ਵਿਚ ਅਧਿਆਤਮਕ ਸੰਗੀਤ ਦੇ ਪਾਂਧੀ ਸੰਤ ਭਗਤ ਕਵੀਆਂ ਦਾ ਭਗਤੀ ਸੰਗੀਤ, ਤਾਨਸੇਨ, ਬੈਜੂ ਬਾਵਰਾ ਵਰਗੇ ਸੰਗੀਤਕਾਰਾਂ ਦਾ ਦਰਬਾਰੀ ਸੰਗੀਤ (ਸ਼ਾਸਤਰੀ ਸੰਗੀਤ), ਸ਼ਾਹ ਹੁਸੈਨ ਵਰਗੇ ਸੂਫ਼ੀ ਦਰਵੇਸ਼ਾਂ ਦਾ ਸੂਫ਼ੀ ਸੰਗੀਤ ਅਤੇ ਪੰਜਾਬੀ ਲੋਕ ਸੰਗੀਤ ਦੀ ਇਕ ਵਿਸ਼ਾਲ ਪ੍ਰੰਪਰਾ ਵਿਦਮਾਨ ਹੈ। ਸੰਗੀਤ ਦੀ ਅਜਿਹੀ ਗੂੰਜਾਰ ਦੇ ਸਮਾਨੰਤਰ ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪੂਰਬਲੇ ਗੁਰੂ ਸਾਹਿਬਾਨ ਦੁਆਰਾ ਪ੍ਰਚਲਿਤ ਗੁਰਮਤਿ ਸੰਗੀਤ ਪ੍ਰੰਪਰਾ ਨੂੰ ਸਿਧਾਂਤਕ ਤੇ ਵਿਵਹਾਰਕ ਰੂਪ ਵਿਚ ਸਥਾਪਤ ਕਰਨ ਲਈ ਵਿਸ਼ੇਸ਼ ਭੂਮਿਕਾ ਨਿਭਾਈ।

## *ਗੁਰਮਤਿ ਸੰਗੀਤ ਦੀ ਸਿਧਾਂਤਕ ਸਥਾਪਤੀ ਪ੍ਰਤੀ ਯੋਗਦਾਨ*

ਗੁਰੂ ਅਰਜਨ ਦੇਵ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 'ਗੇਯ ਰਚਨਾ' ਦੇ ਤੌਰ 'ਤੇ ਰਾਗਾਤਮਕ ਸੰਗੀਤਕ ਸੰਕਲਨ ਗੁਰਮਤਿ ਸੰਗੀਤ ਦੇ ਸਿਧਾਂਤਕ ਅਧਾਰ ਵਜੋਂ ਦ੍ਰਿਸ਼ਟੀਮਾਨ ਹੁੰਦਾ ਹੈ। ਬਾਣੀ ਨੂੰ ਵੱਖ ਵੱਖ ਰਾਗਾਂ, ਕੀਰਤਨ ਗਾਇਨ ਰੂਪਾਂ, ਘਰੁ, ਜਤਿ, ਧੁਨੀ, ਸੁਧੰਗ ਆਦਿ ਵਰਗੇ ਸੰਗੀਤ ਸੰਕੇਤਾਂ, ਸਿਰਲੇਖਾਂ ਅਧੀਨ ਨਿਬੱਧ ਕਰਦਿਆਂ ਵਿਸ਼ਿਸ਼ਟ ਸੰਗੀਤ ਪ੍ਰਬੰਧ ਸਿਰਜਿਆ ਗਿਆ ਹੈ ਜੋ ਗੁਰਮਤਿ ਸੰਗੀਤ ਦਾ 'ਮਿਊਜ਼ੀਕਾਲੋਜੀ' ਵਜੋਂ ਪ੍ਰਗਟ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਨੇ 30 ਮੁੱਖ ਰਾਗ ਅਤੇ 15 ਰਾਗ ਪ੍ਰਕਾਰ[5] ਵਿਚ ਬਾਣੀ ਦਾ ਉਚਾਰਨ ਕੀਤਾ। ਇਨ੍ਹਾਂ ਰਾਗਾਂ ਵਿਚੋਂ ਮਾਝ, ਗਉੜੀ ਮਾਝ, ਦੇਵਗੰਧਾਰ, ਬਿਲਾਵਲ ਮੰਗਲ, ਤੁਖਾਰੀ ਆਦਿ ਰਾਗ ਸਰੂਪ ਪੱਖੋਂ ਵਿਲੱਖਣ ਤੇ ਵਿਸ਼ਿਸ਼ਟ ਹਨ।

ਗੁਰੂ ਅਰਜਨ ਦੇਵ ਜੀ ਨੇ ਅਸ਼ਟਪਦੀਆਂ, ਪਦੇ, ਪੜਤਾਲ ਵਰਗੇ ਸਨਾਤਨੀ ਬਾਣੀ ਰੂਪ ਅਤੇ ਵਾਰਾਂ ਛੰਤ ਆਦਿ ਬਾਣੀ ਲੋਕ, ਬਾਣੀ ਰੂਪਾਂ ਵਜੋਂ ਪ੍ਰਯੋਗ ਕੀਤੇ। ਇਸ ਦੇ ਨਾਲ ਹੀ ਆਸਾ, ਧਨਾਸਰੀ, ਸੂਹੀ ਬਿਲਾਵਲ, ਰਾਮਕਲੀ, ਭੈਰਵ, ਸਾਰੰਗ ਪ੍ਰਭਾਤੀ ਤੇ ਮਲਾਰ ਰਾਗਾਂ ਵਿਚ 36 ਪੜਤਾਲਾਂ ਬਾਣੀ ਰਚਨਾਂਵਾਂ ਕੇਵਲ ਤੇ ਕੇਵਲ ਗੁਰਮਤਿ ਸੰਗੀਤ ਦੀ ਮੌਲਿਕ ਗਾਇਨ ਸ਼ੈਲੀ ਹੈ।

ਗੁਰੂ ਅਰਜਨ ਬਾਣੀ ਵਿਚ 'ਰਹਾਓ' ਦੇ ਸੰਕੇਤ ਦਾ ਵਿਵਿਧਤਾ ਨਾਲ ਪ੍ਰਯੋਗ ਹੋਇਆ ਹੈ ਜਿਵੇਂ ਕਿ 'ਰਹਾਓ' ਵਿਚ ਸ਼ਬਦ ਦਾ ਕੇਂਦਰੀ ਭਾਵ ਵਿਦਮਾਨ ਹੁੰਦਾ ਹੈ ਜੋ ਸ਼ਬਦ ਕੀਰਤਨ ਦੀ ਸੰਗੀਤ ਰਚਨਾ ਵਿਚ 'ਸਥਾਈ' ਵਜੋਂ ਕਾਰਜਸ਼ੀਲ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਦੁਆਰਾ 'ਰਹਾਓ' ਦੇ ਵਿਵਿਧਪੱਖੀ ਪ੍ਰਯੋਗ ਦੀ ਪ੍ਰੰਪਰਾ ਨੂੰ ਅਗਾਂਹ ਤੋਰਦਿਆਂ ਚਾਰ ਤੱਕ 'ਰਹਾਓ' ਪ੍ਰਯੋਗ ਕੀਤੇ ਹਨ। ਆਪ ਜੀ ਦੀ ਪ੍ਰਸਿੱਧ ਬਾਣੀ ਰਚਨਾ ਵਿਚ ਇਸ ਦੇ ਦੀਦਾਰ ਕੀਤੇ ਜਾ ਸਕਦੇ ਹਨ।[6]

'ਰਹਾਓ' ਤੋਂ ਇਲਾਵਾ ਵਾਰਾਂ ਦੀਆਂ ਸਿਰਲੇਖ ਧੁਨੀਆਂ[7] ਉਪਰ ਸਿਰਲੇਖ ਅੰਕਣ ਵੀ ਸੰਗੀਤ ਦੇ ਸਿਧਾਂਤਕ ਪੱਖੋਂ ਵਿਸ਼ੇਸ਼ ਮਹੱਤਵ ਰੱਖਦਾ ਹੈ ਜਿਸ ਅਨੁਸਾਰ ਰਾਗ, ਸਬੰਧਤ ਵਾਰ ਅਤੇ ਪ੍ਰੰਪਰਾਗਤ ਮੂਲ ਧੁਨੀ ਦੇ ਅੰਤਰੀਵੀ ਸੰਗੀਤਕ ਸਬੰਧ ਨੂੰ ਗੁਰਮਤਿ ਸੰਗੀਤ ਤੇ ਹਿੰਦੁਸਤਾਨੀ ਸੰਗੀਤ ਦੇ ਰਾਗਾਂ ਦੇ ਵਿਕਾਸ ਸਬੰਧੀ ਮੂਲ ਸਰੋਤ ਵਜੋਂ ਅਧਾਰ ਬਣਾ ਸਕਦੇ ਹਾਂ। ਇਸ ਸੰਦਰਭ ਵਿਚ ਅਸੀਂ ਸਪਸ਼ਟ ਤੌਰ 'ਤੇ ਰਾਗ ਆਸਾ, ਟੁੰਡੇ ਅਸਰਾਜੇ ਕੀ ਧੁਨੀ ਅਤੇ ਆਸਾ ਦੀ ਵਾਰ ਦੀ ਪਉੜੀ ਨੂੰ ਅਧਿਐਨ ਦਾ ਵਿਸ਼ਾ ਬਣਾ ਸਕਦੇ ਹਾਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰਾਗਾਤਮਕ ਸੰਗੀਤਕ ਸੰਕਲਨ ਅਤੇ ਰਾਗ, ਗਾਇਨ ਰੂਪ, ਸੰਗੀਤ ਸੰਕੇਤਾਂ ਦੁਆਰਾ ਸਿਰਜਤ ਸੰਗੀਤ ਪ੍ਰਬੰਧ ਹੀ ਗੁਰਮਤਿ ਸੰਗੀਤ ਦੀ ਮਿਊਜ਼ੀਕਾਲੋਜੀ ਦੇ ਰੂਪ ਵਿਚ ਪ੍ਰਗਟ ਹੋਇਆ ਜੋ ਵਰਤਮਾਨ ਸਮੇਂ ਗੁਰਮਤਿ ਸੰਗੀਤ ਨੂੰ ਦੂਸਰੀਆਂ ਸੰਗੀਤ ਪ੍ਰੰਪਰਾਵਾਂ ਨਾਲੋਂ ਨਿਖੇੜ ਵਿਚ ਅਧਾਰ ਰੂਪ ਵਿਚ ਸਹਾਈ ਹੋ ਰਹੀ ਹੈ।

### *ਗੁਰਮਤਿ ਸੰਗੀਤ ਦੀ ਵਿਵਹਾਰਕ ਪੱਧਤੀ ਪ੍ਰਤੀ ਯੋਗਦਾਨ*

ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਸੰਗੀਤ ਦੀ ਵਿਵਹਾਰਕ ਸਥਾਪਤੀ ਪ੍ਰਤੀ ਸੁਚੇਤ ਕਰਦਿਆਂ ਸਰਬ ਪ੍ਰਥਮ 1604 ਈ. ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਪਾਵਨ ਸਥਾਨ 'ਤੇ ਗ੍ਰੰਥ ਸਾਹਿਬ ਦੇ ਪ੍ਰਕਾਸ਼ ਨਾਲ ਜਿਸ ਨਿਰੰਤਰ ਸੰਚਾਰ ਹਿਤ ਸ਼ਬਦ ਕੀਰਤਨ ਦੀ ਪ੍ਰੰਪਰਾ ਚਲਾਈ। ਕੀਰਤਨ ਦੀ ਇਹ ਪ੍ਰੰਪਰਾ ਵਰਤਮਾਨ ਸਮੇਂ ਤੱਕ ਨਿਰੰਤਰ ਪ੍ਰਚਲਿਤ ਹੈ। ਗੁਰੂ ਅਰਜਨ ਦੇਵ ਜੀ ਦੇ ਕਾਲ ਤਕ ਆਸਾ ਦੀ ਵਾਰ ਦੀ ਕੀਰਤਨ ਚੌਕੀ, ਚਰਨ ਕਵਲ ਦੀ ਚੌਕੀ, ਸੋਦਰ ਦੀ ਚੌਕੀ, ਕਲਯਾਨ ਦੀ ਚੌਕੀ ਦਾ ਪੂਰਨ ਰੂਪ ਵਿਚ ਪ੍ਰਚਲਨ ਹੋ ਚੁੱਕਾ ਸੀ।[8] ਹਰ ਕੀਰਤਨ ਚੌਕੀ ਵਿਚ ਸ਼ਾਨ, ਮੰਗਲਾਚਰਨ, ਧਰੁਪਦ ਅੰਗ ਦੇ ਸ਼ਬਦ ਗਾਇਨ, ਸ਼ਬਦ ਗੀਤ ਅਤੇ ਪਉੜੀ ਵਰਗੇ ਅੰਗ ਦੀਆਂ ਸਥਾਪਤ ਗਾਇਨ ਸ਼ੈਲੀਆਂ ਇਸ ਪ੍ਰੰਪਰਾ ਵਿਚ ਹੀ ਸਮੂਰਤ ਹੋਈਆਂ। ਇਨ੍ਹਾਂ ਕੀਰਤਨ ਚੌਕੀਆਂ ਦੇ ਅੰਤਰਗਤ ਸਮੇਂ ਅਨੁਸਾਰ ਰਾਗਾਂ ਦੇ ਪ੍ਰਚਲਨ ਨੂੰ ਵੀ ਬਲ ਬਖਸ਼ਿਆ। ਇਸ ਤਰ੍ਹਾਂ ਗੁਰਮਤਿ ਸੰਗੀਤ ਦੀ ਇਕ ਸੰਪੂਰਨ ਕੀਰਤਨ ਪ੍ਰਸਤੁਤੀ ਵਜੋਂ ਕੀਰਤਨ ਚੌਕੀ ਦਾ ਪ੍ਰਚਲਨ ਤੇ ਸਥਾਪਨਾ ਪੇਸ਼ਕਾਰੀ ਦੇ ਪੱਧਰ ਉਤੇ ਗੁਰਮਤਿ ਸੰਗੀਤ ਪੱਧਤੀ ਲਈ ਵਿਸ਼ੇਸ਼ ਮਹੱਤਵ ਰੱਖਦਾ ਹੈ। ਬਾਅਦ ਵਿਚ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਸੱਤ ਰਾਗੀਆਂ ਅਤੇ ਅੱਠ ਰਬਾਬੀਆਂ ਦੀਆਂ ਕੀਰਤਨ ਚੌਕੀਆਂ ਵਜੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਵਿਕਸਿਤ ਤੇ ਪ੍ਰਚਲਿਤ ਇਸ ਪ੍ਰੰਪਰਾ ਨੇ ਸ਼ਬਦ ਕੀਰਤਨ ਦੀ ਵਿਸ਼ਿਸ਼ਟ ਕੀਰਤਨ ਗਾਇਕੀ ਨੂੰ ਮੌਲਿਕ ਤੇ ਵਿਲੱਖਣ ਵਿਵਹਾਰਕਿਤਾ ਪ੍ਰਦਾਨ ਕੀਤੀ। ਕੀਰਤਨ ਚੌਕੀ ਦੀ ਇਹੋ ਪ੍ਰੰਪਰਾ ਹਿੰਦੁਸਤਾਨੀ ਮੌਸੀਕੀ ਦੇ ਰਾਗਾਤਮਕ ਤੇ ਗਾਇਨਾਤਮਕ ਪ੍ਰਚਾਰ ਲਈ ਵਿਸ਼ੇਸ਼ ਸਾਰਥਕ ਅਧਾਰ ਬਣੀ ਜਿਸ ਦੇ ਤੁਲ ਕੋਈ ਹੋਰ ਮਿਸਾਲ ਨਹੀਂ ਮਿਲਦੀ।

ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਸੰਗੀਤ ਵਿਚ ਸਾਰੰਦਾ ਸਾਜ਼ ਦਾ ਵਿਸ਼ੇਸ਼ ਵਿਵਹਾਰਕ ਪ੍ਰਚਲਨ ਕਰਕੇ ਤੰਤੀ ਸਾਜ਼ਾਂ ਦੀ ਵਾਦਨ ਪ੍ਰੰਪਰਾ ਨੂੰ ਉਤਸ਼ਾਹਿਤ ਕੀਤਾ।[9] ਤੰਤੀ ਸਾਜ਼ਾਂ ਦੀ ਇਹ ਪ੍ਰੰਪਰਾ ਬਾਅਦ ਵਿਚ ਰਬਾਬ, ਸਾਰੰਦਾ, ਤਾਊਸ, ਦਿਲਰੁਬਾ, ਇਸਰਾਜ, ਤੰਬੂਰਾ ਵਰਗੇ ਸਾਜ਼ ਦੇ ਰੂਪ ਵਿਚ ਵਿਕਸਿਤ ਹੋਈ।

ਗੁਰੂ ਅਰਜਨ ਦੇਵ ਤਕ ਸਮੂਹ ਸਿੱਖ ਗੁਰੂ ਸਾਹਿਬਾਨ ਨੇ ਆਪਣੇ ਗੁਰ ਦਰਬਾਰ ਵਿਚ ਰਬਾਬੀ ਕੀਰਤਨਕਾਰਾਂ ਨੂੰ ਵਿਸ਼ੇਸ਼ ਸਰਪ੍ਰਸਤੀ ਦਿੱਤੀ ਜਿਸ ਦੁਆਰਾ ਕੀਰਤਨਕਾਰਾਂ ਦੀ ਇਕ ਵਿਸ਼ੇਸ਼ ਸ਼੍ਰੇਣੀ ਹੋਂਦ ਵਿਚ ਆਈ। ਗੁਰੂ ਨਾਨਕ ਦੇਵ ਜੀ ਦੇ ਕਾਲ ਵਿਚ ਭਾਈ ਮਰਦਾਨਾ, ਭਾਈ ਦਾਲਾ, ਗੁਰੂ ਅੰਗਦ ਦੇਵ ਦੇ ਕਾਲ ਵਿਚ ਭਾਈ ਸਜਾਦਾ, ਭਾਈ ਸਾਦੂ, ਭਾਈ ਬਾਦੂ, ਭਾਈ ਰਜਾਦਾ, ਭਾਈ ਬਲਵੰਡ, ਗੁਰੂ ਅਮਰਦਾਸ ਜੀ ਦੇ ਸਮੇਂ ਭਾਈ ਸੱਤਾ, ਬਲਵੰਡ, ਭਾਈ ਪਾਂਧਾ ਅਤੇ ਬੂਲਾ ਰਬਾਬੀ ਅਤੇ ਗੁਰੂ ਰਾਮਦਾਸ ਜੀ ਦੇ ਸਮੇਂ ਵਿਚ ਭਾਈ ਸੱਤਾ, ਬਲਵੰਡ ਕੀਰਤਨੀਏ ਗੁਰੂ ਘਰ ਦੀ ਸੇਵਾ ਕਰਦੇ ਰਹੇ।

ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਰਬਾਬੀ ਭਾਈ ਸੱਤਾ ਬਲਵੰਡ ਦੇ ਰੁੱਸ ਜਾਣ ਦੀ ਘਟਨਾ ਨੇ

ਗੁਰਮਤਿ ਸੰਗੀਤ ਦੇ ਪ੍ਰਚਾਰ, ਪ੍ਰਸਾਰ ਨੂੰ ਨਵਾਂ ਮੋੜ ਦਿੱਤਾ। ਜਿਸ ਦੁਆਰਾ ਗੁਰੂ ਅਰਜਨ ਦੇਵ ਜੀ ਨੇ ਸਧਾਰਨ ਸਿੱਖ ਸੰਗਤਾਂ ਨੂੰ ਕੀਰਤਨ ਹਿਤ ਉਤਸ਼ਾਹਿਤ ਕੀਤਾ। ਇਸ ਸੁਚੇਤ ਯਤਨ ਅਧੀਨ ਸਿੱਖ ਸੰਗਤਾਂ ਵਿਚ ਕੀਰਤਨ ਗਾਇਨ, ਸਾਜ਼ਾਂ ਦੀ ਸਿਖਲਾਈ ਅਤੇ ਕੀਰਤਨ ਗਾਇਨ ਦੇ ਲੋਕ ਸੰਗੀਤਕ ਪ੍ਰਵਾਹ ਦਾ ਪ੍ਰਾਰੰਭ ਹੋਇਆ। ਇਨ੍ਹਾਂ ਨਿਸ਼ਕਾਮ ਕੀਰਤਨੀਆਂ ਵਿਚੋਂ ਭਾਈ ਦੀਪਾ, ਭਾਈ ਰੁਲਾ, ਭਾਈ ਨਰਾਇਣ ਦਾਸ, ਭਾਈ ਉਗਰਸੈਨ, ਭਾਈ ਝਾਜੂ, ਭਾਈ ਮੁਕੰਦ, ਭਾਈ ਕੇਦਾਰਾ ਆਦਿ[10] ਇਸ ਸਮੇਂ ਦੇ ਇਤਿਹਾਸਕ ਤੌਰ 'ਤੇ ਵਰਣਨਯੋਗ ਕੀਰਤਨੀਏ ਹਨ।

ਗੁਰੂ ਅਰਜਨ ਦੇਵ ਜੀ ਦੇ ਦਰਬਾਰੀ ਕੀਰਤਨੀਏ ਭਾਈ ਸੱਤਾ ਬਲਵੰਡ ਜੀ ਦੇ ਰੁਸ ਜਾਣ ਦੇ ਕੌਤਕ ਨੇ ਗੁਰਮਤਿ ਸੰਗੀਤ ਵਿਵਹਾਰਕ ਵਿਕਾਸ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਇਸ ਘਟਨਾ ਉਪਰੰਤ ਗੁਰੂ ਅਰਜਨ ਦੇਵ ਜੀ ਨੇ ਸਧਾਰਨ ਸਿੱਖ ਸੰਗਤਾਂ ਨੂੰ ਕੀਰਤਨ ਕਰਨ ਤੇ ਕੀਰਤਨ ਸਿੱਖਣ ਦੀ ਪ੍ਰੇਰਨਾ ਕਰਨਾ ਕੀਰਤਨ ਨੂੰ ਪੂਰਨ ਤੌਰ 'ਤੇ ਰਬਾਬੀ ਦੀ ਵਿਵਸਾਇਕ ਪਕੜ ਤੋਂ ਮੁਕਤ ਕਰਕੇ ਸਧਾਰਨ ਸਿੱਖ ਸੰਗਤਾਂ ਵਿਚ ਪ੍ਰਵੇਸ਼ ਕਰਵਾਇਆ।[11] ਇਸ ਕ੍ਰਾਂਤੀਕਾਰੀ ਯੋਗਦਾਨ ਸਦਕਾ ਹੀ ਰਾਗੀਆਂ ਦੀਆਂ ਸੱਤ ਕੀਰਤਨ ਚੌਕੀਆਂ ਪ੍ਰਚਾਰ ਅਧੀਨ ਆਈਆਂ ਜਿਸ ਦੇ ਫ਼ਲਸਰੂਪ ਵੰਡ ਤੋਂ ਬਾਅਦ ਸਿੱਖ ਕੀਰਤਨਕਾਰ ਆਪਣੀ ਕੀਰਤਨ ਵਿਰਾਸਤ ਨੂੰ ਸੁਰੱਖਿਅਤ ਰੱਖਣ ਵਿਚ ਕਾਮਯਾਬ ਹੋਏ। ਨਿਰਸੰਦੇਹ ਰਬਾਬੀਆਂ ਦੀ ਕੀਰਤਨ ਗਾਇਕੀ ਉਪਰ ਸੂਫੀ ਸੰਗੀਤ ਦਾ ਪ੍ਰਭਾਵ ਰਿਹਾ। ਇਸ ਦੇ ਸਮਾਨੰਤਰ ਰਾਗੀ ਸਿੰਘਾਂ ਦੇ ਕੀਰਤਨ ਵਿਚ ਪ੍ਰਵੇਸ਼ ਦੁਆਰਾ ਨਿਰੋਲ ਗੁਰਮਤਿ ਕੀਰਤਨ ਗਾਇਕੀ ਹੋਂਦ ਵਿਚ ਆਈ ਜਿਸ ਦਾ ਮੂਲ ਰਾਗਾਤਮਕ ਤੇ ਸੰਗੀਤਕ ਆਧਾਰ ਪੰਜਾਬੀ ਮੂਲ ਦੀਆਂ ਸੰਗੀਤ ਪ੍ਰੰਪਰਾਵਾਂ ਸਨ। ਇਸ ਦੇ ਨਾਲ ਗੁਰੂ ਅਰਜਨ ਦੇਵ ਜੀ ਦੁਆਰਾ ਕੀਰਤਨ ਸਿਖਲਾਈ ਦੇ ਪ੍ਰਾਰੰਭ ਨਾਲ ਗੁਰਮਤਿ ਸੰਗੀਤ ਪ੍ਰੰਪਰਾ ਦੇ ਅਧਿਐਨ ਅਧਿਆਪਨ ਦੀ ਪ੍ਰਥਾ ਆਰੰਭ ਹੋਈ ਜਿਸ ਅਧਾਰ ਤੇ ਕੀਰਤਨ ਟਕਸਾਲਾਂ ਹੋਂਦ ਵਿਚ ਆਈਆਂ। ਨਿਰਸੰਦੇਹ ਗੁਰਮਤਿ ਸੰਗੀਤ ਦੀ ਵਰਤਮਾਨ ਅਕਾਦਮਿਕਤਾ ਦਾ ਆਰੰਭ ਗੁਰੂ ਅਰਜਨ ਦੇਵ ਜੀ ਦੁਆਰਾ ਹੋਇਆ।

ਉਕਤ ਸੰਖੇਪ ਵਿਚਾਰ ਅਨੁਸਾਰ ਸਪਸ਼ਟ ਹੈ ਕਿ ਗੁਰਮਤਿ ਸੰਗੀਤ ਦੀ ਸਿਧਾਂਤਕ ਤੇ ਵਿਵਹਾਰਕ ਸਥਾਪਤੀ ਵਿਚ ਵਡਮੁੱਲਾ ਯੋਗਦਾਨ ਪਾਉਂਦਿਆਂ ਕੀਰਤਨ ਗਾਇਕੀ ਦੀ ਪ੍ਰੰਪਰਾ ਨੂੰ ਅੱਗੇ ਤੋਰਿਆ।

ਸਿੱਖ ਧਰਮ ਦੇ ਇਤਿਹਾਸਕ ਵਿਕਾਸ ਦੇ ਸੰਦਰਭ ਵਿਚ ਵੇਖੀਏ ਤਾਂ ਗੁਰਮਤਿ ਸੰਗੀਤ ਦੀ ਸਥਾਪਨਾ ਵਿਚ ਗੁਰੂ ਅਰਜਨ ਦੇਵ ਜੀ ਦੀ ਕੇਂਦਰੀ ਭੂਮਿਕਾ ਰਹੀ। ਗੁਰੂ ਗ੍ਰੰਥ ਸਾਹਿਬ ਦੇ ਸੰਗੀਤਕ ਸੰਕਲਨ ਤੋਂ ਗੁਰਮਤਿ ਸੰਗੀਤ ਦੀ ਮਿਊਜ਼ੀਕਾਲੋਜੀ ਪ੍ਰਾਪਤੀ, ਰਾਗ, ਗਾਇਨ ਸ਼ੈਲੀਆਂ, ਤੰਤੀ ਸਾਜ਼ਾਂ ਦਾ ਵਿਵਿਧਾਕਾਰੀ ਪ੍ਰਚਲਨ, ਸ਼ਬਦ ਕੀਰਤਨ ਗਾਇਕੀ ਦੀ ਨਿਰੰਤਰ ਪ੍ਰਵਾਹ ਸਥਾਪਤੀ ਹਿਤ ਸ਼ਬਦ ਕੀਰਤਨ ਚੌਕੀਆਂ ਦਾ ਸੰਸਥਾਗਤ ਪ੍ਰਚਲਨ ਅਤੇ ਗੁਰਮਤਿ ਸੰਗੀਤ ਦੇ ਅਧਿਐਨ ਅਧਿਆਪਨ ਦੁਆਰਾ ਅਕਾਦਮਿਕ ਪਰਿਪੇਖ ਦਾ ਆਰੰਭ, ਗੁਰੂ ਅਰਜਨ ਦੇਵ ਜੀ ਦੀ ਬਖਸ਼ਿਸ਼ ਹੈ। ਗੁਰਮਤਿ ਸੰਗੀਤ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦੇ ਯੋਗਦਾਨ ਦਾ ਇਹ ਇਕ ਪਹਿਲੂ ਖੋਜ ਤੇ ਵਿਸ਼ਲੇਸਣ ਹਿਤ ਸੁਤੰਤਰ ਰੂਪ ਵਿਚ ਵਿਸ਼ਾਲ ਸੰਭਾਵਨਾਵਾਂ ਰੱਖਦਾ ਹੈ। ਇਨ੍ਹਾਂ ਦੀ ਮੌਲਿਕਤਾ ਦੀ ਸੰਭਾਲ ਦੁਆਰਾ ਅਸੀਂ ਗੁਰਮਤਿ ਸੰਗੀਤ ਦੀ ਵਿਸ਼ਾਲ ਸੰਗੀਤ ਪ੍ਰੰਪਰਾ ਨੂੰ ਹੋਰ ਸੁਦ੍ਰਿੜ ਕਰ ਸਕਦੇ ਹਾਂ।

***ਹਵਾਲੇ ਅਤੇ ਟਿੱਪਣੀਆਂ:***

1 *ਖਾਲਕ ਕਉ ਆਦੇਸੁ ਢਾਢੀ ਗਾਵਣਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨ 148)

2 *ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 722)

3 *ਸੁਣੀ ਪੁਕਾਰਿ ਦਾਤਾਰ ਪ੍ਰਭੁ*
*ਗੁਰੁ ਨਾਨਕ ਜਗ ਮਾਹਿ ਪਠਾਇਆ॥*
*ਚਰਨ ਧੋਇ ਰਹਰਾਸਿ ਕਰਿ*
*ਚਰਣਾਮ੍ਰਿਤ ਸਿਖਾਂ ਪੀਲਾਇਆ॥*
*ਪਾਰਬ੍ਰਹਮ ਪੂਰਨ ਬ੍ਰਹਮ,*
*ਕਲਿਜੁਗ ਅੰਦਰਿ ਇਕ ਦਿਖਾਇਆ॥*
*ਚਾਰੇ ਪੈਰ ਧਰਮ ਦੇ*
*ਚਾਰਿ ਵਰਨ ਇਕ ਵਰਨੁ ਕਰਾਇਆ॥*
*ਰਾਣਾ ਰੰਕ ਬਰਾਬਰੀ*
*ਪੈਰੀ ਪਵਣਾ ਜਗਿ ਵਰਤਾਇਆ॥*
*ਉਲਟਾ ਖੇਲੁ ਪਿਰੰਮ ਦਾ*
*ਪੈਰਾ ਉਪਰਿ ਸੀਸੁ ਨਿਵਾਇਆ॥*
*ਕਲਿਜੁਗ ਬਾਬੇ ਤਾਰਿਆ*
*ਸਤਿਨਾਮੁ ਪੜਿ ਮੰਤ੍ਰ ਸੁਣਾਇਆ॥*

*ਕਲਿ ਤਾਰਣ ਗੁਰੁ ਨਾਨਕ ਆਇਆ॥ 23॥*

(ਵਾਰਾਂ ਭਾਈ ਗੁਰਦਾਸ, ਵਾਰ1, ਪਉੜੀ 23)

4 ਗ੍ਰੰਥਕਾਰ ਰਾਮਾਮਾਤਯ (ਸਵਰਮੇਲ ਕਲਾਨਿਧੀ), ਗ੍ਰੰਥਕਾਰ ਪੰਡਰੀਕ ਵਿਠਲ (ਸਦਰਾਗ ਚੰਦ੍ਰੋਦਯ, ਰਾਗ ਮੰਜਰੀ, ਰਾਗਮਾਲਾ), ਗ੍ਰੰਥਕਾਰ ਸੋਮਨਾਥ (ਰਾਗ ਵਿਬੋਧ)

5 ਰਾਗ ਸਿਰੀ, ਮਾਝ, ਗਉੜੀ, ਗਉੜੀ ਗੁਆਰੇਰੀ, ਗਉੜੀ ਚੇਤੀ, ਗਉੜੀ ਬੈਰਾਗਣਿ,

ਗਉੜੀ ਪੂਰਬੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ, ਆਸਾ, ਆਸਾ ਕਾਫੀ, ਆਸਾਵਰੀ, ਆਸਾਵਰੀ ਸੁਧੰਗ, ਗੂਜਰੀ, ਦੇਵਗੰਧਾਰੀ, ਦੇਵਗੰਧਾਰ, ਬਿਹਾਗੜਾ, ਸੋਰਠਿ, ਵਡਹੰਸ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਬਿਲਾਵਲ ਮੰਗਲ, ਗੋਂਡ, ਰਾਮਕਲੀ, ਨਟ ਨਰਾਇਣ, ਨਟ, ਮਾਲੀ ਗਉੜਾ, ਮਾਰੂ ਤੁਖਾਰੀ, ਕੇਦਾਰਾ, ਭੈਰਉ, ਬਸੰਤ ਸਾਰੰਗ, ਮਲ੍ਹਾਰ, ਕਾਨੜਾ, ਕਲਿਆਣ, ਪ੍ਰਭਾਤੀ, ਪ੍ਰਭਾਤੀ ਬਿਭਾਸ, ਬਿਭਾਸ ਪ੍ਰਭਾਤੀ।

6 *ਮਾਝ ਮਹਲਾ ੫ ਚਉਪਦੇ ਘਰੁ ੧॥*

ਮੇਰਾ ਮਨ ਲੋਚੈ ਗੁਰ ਦਰਸਨ ਤਾਈ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ
ਬਿਨੁ ਦਰਸਨ ਸੰਤ ਪਿਆਰੇ ਜੀਉ॥੧॥
*ਹਉ ਘੋਲੀ ਜੀਉ ਘੋਲਿ ਘੁਮਾਈ*
*ਗੁਰ ਦਰਸਨ ਸੰਤ ਪਿਆਰੇ ਜੀਉ॥੧॥ ਰਹਾਉ॥*
ਤੇਰਾ ਮੁਖ ਸੁਹਾਵਾ ਜੀਉ ਸਹਜ ਧੁਨਿ ਬਾਣੀ॥
ਚਿਰੁ ਹੋਆ ਦੇਖੇ ਸਾਰਿੰਗਪਾਣੀ॥
ਧੰਨੁ ਸੁ ਦੇਸੁ ਜਹਾ ਤੂ ਵਸਿਆ
ਮੇਰੇ ਸਜਣ ਮੀਤ ਮੁਰਾਰੇ ਜੀਉ॥ ੨॥
*ਹਉ ਘੋਲੀ ਜੀਉ ਘੋਲਿ ਘੁਮਾਈ*
*ਗੁਰ ਸਜਣ ਮੀਤ ਮੁਰਾਰੇ ਜੀਉ॥੧॥ ਰਹਾਉ॥*
ਇਕ ਘੜੀ ਨਾ ਮਿਲਤੇ ਤਾ ਕਲਿਜੁਗ ਹੋਤਾ॥
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ
ਬਿਨੁ ਦੇਖੇ ਗੁਰ ਦਰਬਾਰੇ ਜੀਉ॥ ੩॥
*ਹਉ ਘੋਲੀ ਜੀਉ ਘੋਲਿ ਘੁਮਾਈ*
*ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥ ਰਹਾਉ॥*
ਭਾਗੁ ਹੋਆ ਗੁਰਿ ਸੰਤੁ ਮਿਲਾਇਆ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥
ਸੇਵ ਕਰੀ ਪਲੁ ਚਸਾ ਨ ਵਿਛੁੜਾ
ਜਨ ਨਾਨਕ ਦਾਸ ਤੁਮਾਰੇ ਜੀਉ॥ ੪॥
*ਹਉ ਘੋਲੀ ਜੀਉ ਘੋਲਿ ਘੁਮਾਈ*
*ਜਨ ਨਾਨਕ ਦਾਸ ਤੁਮਾਰੇ ਜੀਉ॥ ਰਹਾਉ॥੧॥੮॥*

7 ਵਾਰ ਮਾਝ ਕੀ ਤਥਾ ਸਲੋਕ ਮਹਲਾ ੧
ਮਲਕ ਮੁਰੀਦ ਤਥਾ ਚੰਦ੍ਰਹੜਾ
ਸੋਹੀਆ ਦੀ ਧੁਨੀ ਗਾਵਣੀ

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 137)

*ਗਉੜੀ ਕੀ ਵਾਰ ਮਹਲਾ ੫*
ਰਾਇ ਕਮਾਲਦੀ ਮੌਜਦੀ ਕੀ
ਵਾਰ ਕੀ ਧੁਨਿ ਉਪਰਿ ਗਾਵਣੀ

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 318)

*ਆਸਾ ਮਹਲਾ ੧ ਵਾਰ ਸਲੋਕਾ*
*ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ*
ਟੁੰਡੇ ਅਸ ਰਾਜੈ ਕੀ ਧੁਨੀ

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 462)

*ਗੂਜਰੀ ਕੀ ਵਾਰ ਮਹਲਾ ੩*
ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 508)

*ਵਡਹੰਸ ਕੀ ਵਾਰ ਮਹਲਾ ੪*
ਲਲਾਂ ਬਹਲੀਮਾ ਕੀ ਧੁਨਿ ਗਾਵਣੀ

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 585)

*ਰਾਮਕਲੀ ਕੀ ਵਾਰ ਮਹਲਾ ੩*
ਜੋਧੈ ਵੀਰੈ ਪੂਰਬਾਣੀ ਕੀ ਧੁਨੀ

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 947)

*ਸਾਰੰਗ ਕੀ ਵਾਰ ਮਹਲਾ ੪*
ਰਾਇ ਮਹਮੇ ਹਸਨੇ ਕੀ ਧੁਨਿ

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1237)

*ਵਾਰ ਮਲਾਰ ਕੀ ਮਹਲਾ ੧*
ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1278)

*ਕਾਨੜੇ ਕੀ ਵਾਰ ਮਹਲਾ ੪*
ਮੂਸੇ ਕੀ ਵਾਰ ਕੀ ਧੁਨੀ

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1312)

8 ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 463

9 ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ

ਮਹਾਨ ਕੋਸ਼, ਪੰਨਾ 171

10 ਗੋਖੂ ਟੋਡਾ ਮਹਤਿਆ ਤੋਤਾ ਮਦੂ ਸਬਦ ਵੀਚਾਰਾ।
ਝਾਬੂ ਅਤੇ ਮੁਕੰਦ ਹੈ ਕੀਰਤਨੁ ਕਰੇ ਹਜੂਰਿ ਕਿਦਾਰਾ॥
ਸਾਧ ਸੰਗਤ ਪਰਗਟੁ ਪਹਾਰਾ ॥੧॥

(ਵਾਰਾਂ ਭਾਈ ਗੁਰਦਾਸ ਵਾਰ 11 ਪਉੜੀ 18)

11 ਇਵ ਕਰਿ ਸਤਿਗੁਰ ਆਇ ਕਰ ਥਲੇ ਖੜੇ ਮੁਹਾਏ
ਸਭਿ ਸੰਗਤ ਇਕਠੀ ਭਈ ਦੀਵਾਨ ਲਗਾਏ
ਸਿਖਨਿ ਕੋ ਆਇਸ ਦਈ ਤੁਮ ਰਾਗ ਸੁਨਾਵਹੁ
ਗਾਵਹੁ ਸ਼ਬਦ ਸੁ ਤਾਨ ਜੁਤਿ ਵਿੱਦਯਾ ਇਹੁ ਪਾਵਹੁ ॥14॥

ਗਹਯੋ ਦੁਤਾਰਾ ਸਿਖ ਕਿਹ ਕਿਨ ਗਹੀ ਰਬਾਬੰ।
ਹੁਇ ਨਿਸ਼ੰਕ ਗਾਵਨਿ ਲਗੇ ਸਭ ਭਏ ਅਜਾਬੰ।
ਬਚਨ ਮਾਨਬੇ ਗੁਰੂ ਕੋ ਬਿੱਦਯਾ ਸਭਿ ਪਾਈ।
ਜਾਨਤਿ ਹੁਤੇ ਨ ਰਾਗ ਕੋ ਗਾਵਤਿ ਬਿਸਮਾਈ॥
ਸੁਨਿ ਸਿੱਖਨਿ ਕੇ ਰਾਗ ਕੋ ਗੁਰ ਪ੍ਰਸੰਨਾ।
ਬਰ ਦੀਨੋ 'ਤੁਮ ਪ੍ਰੇਮ ਜੁਤ ਹਮਰੋ ਬਚ ਮੰਨਾ।
ਅਬ ਤੇ ਬਿੱਦਯਾ ਰਾਗ ਕੀ ਸਿਖਨਿ ਮਹਿ ਆਈ।
ਗਾਵਹਿ ਸੁਨਹਿ ਸੁ ਪ੍ਰੀਤ ਧਰਿ ਲੇਂ ਸੁਭਗਤਿ ਪਾਈ ॥16॥

---

*(ਭਾਈ ਸੰਤੋਖ ਸਿੰਘ, ਗੁਰਪ੍ਰਤਾਪ ਸੂਰਜ ਗ੍ਰੰਥ;*

*ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ*

# ਰਾਗ ਵਿਵਰਨ–ਰਾਗੁ ਸੂਹੀ

## ਪ੍ਰੋ: ਕਰਤਾਰ ਸਿੰਘ

ਰਾਗ ਸੂਹੀ ਦਾ ਉਲੇਖ ਭਾਰਤੀ ਸੰਗੀਤ ਦੇ ਗ੍ਰੰਥਾਂ ਵਿਚ ਘਟ ਮਿਲਦਾ ਹੈ। ਕੁਝ ਗ੍ਰੰਥਾਂ ਵਿਚ ਸੂਹੀ ਦਾ ਸੂਹੋ, ਸੂਹਵ ਤੇ ਸੂਹਵੀ ਐਸੇ ਨਾਵਾਂ ਦਾ ਵਰਣਨ ਮਿਲਦਾ ਹੈ। ਲੋਚਨ ਪੰਡਿਤ ਨੇ 'ਰਾਗ ਤਰੰਗਣੀ' ਗ੍ਰੰਥ ਵਿਚ ਸ਼ੁੱਧ ਸੂਹਵ, ਦੇਸੀ ਸੂਹਵ ਐਸੇ ਦੇ ਨਾਮ ਦਿੱਤੇ ਹਨ। ਪੰਡਿਤ ਹਿਰਦੈਨਾਰਾਇਣ ਦੇਵ ਆਪਣੇ ਗ੍ਰੰਥ 'ਹਿਰਦੈਕੌਤਕ' ਵਿਚ ਸ਼ੁੱਧ ਸੂਹਵ ਸ਼ਾੜਵ ਜਾਤੀ ਤੇ ਦੇਸੀ ਸੂਹਵ ਸੰਪੂਰਨ ਜਾਤੀ ਦਾ ਰਾਗ ਮੰਨਦੇ ਹਨ ਤੇ ਇਨ੍ਹਾਂ ਦੇ ਬਿਲਾਵਲ ਥਾਟ ਦੇ ਸਵਰ ਹਨ। ਪੁੰਡਰੀਕ ਵਿਠੁਲ ਨੇ ਆਪਣੇ ਗ੍ਰੰਥ 'ਰਾਗਮਾਲਾ' ਵਿਚ ਰਾਗ-ਰਾਗਨੀ ਵਰਗੀਕਰਣ ਮੰਨਦਿਆਂ ਹੋਇਆਂ ਰਾਗ ਨਟ ਨਾਰਾਯਨ ਦੀ ਸੂਹਵੀ ਰਾਗਨੀ ਮੰਨੀ ਹੈ। ਇਨ੍ਹਾਂ ਨੇ ਹੀ ਆਪਣੇ ਗ੍ਰੰਥ 'ਰਾਗ ਮੰਜਰੀ' ਵਿਚ ਕੇਦਾਰ ਮੇਲ ਤੋਂ ਸੂਹਵੀ ਨੂੰ ਜਨਯ ਰਾਗ ਮੰਨਿਆ ਹੈ। ਹੋਰ ਗ੍ਰੰਥਕਾਰਾਂ ਨੇ ਇਸ ਰਾਗ ਦਾ ਜ਼ਿਕਰ ਨਹੀਂ ਕੀਤਾ। ਕਾਨੜਾ ਦੇ ਪ੍ਰਕਾਰਾਂ ਵਿਚ ਇਕ ਸੂਹ ਰਾਗ ਹੈ ਜੋ ਕੁਝ ਕਠਿਨ ਰਾਗਾਂ ਦੀ ਸ੍ਰੇਣੀ ਵਿਚ ਆਉਂਦਾ ਹੈ ਤੇ ਕੁਝ ਵਿਦਵਾਨਾਂ ਨੇ ਸੂਹ ਰਾਗ ਨੂੰ ਹੀ ਸੂਹੀ ਰਾਗ ਮੰਨਿਆ ਹੈ। ਭਾਵੇਂ ਇਹ ਦੋਵੇਂ ਨਾਮ ਸੂਹੀ ਤੇ ਸੂਹ ਮਿਲਦੇ ਹਨ ਪਰ ਇਨ੍ਹਾਂ ਦੋਹਾਂ ਰਾਗਾਂ ਦੇ ਸਰੂਪ ਭਿੰਨ ਹਨ। ਸੂਹ ਕਾਫੀ ਥਾਟ ਦਾ ਰਾਗ ਹੈ ਜਦੋਂ ਕਿ ਸੂਹੀ ਬਿਲਾਵਲ ਥਾਟ ਦਾ ਰਾਗ ਹੈ, ਜਿਸ ਨੂੰ ਗੁਰੂ ਸਾਹਿਬਾਨ ਨੇ ਹੀ ਪ੍ਰਚਾਰ ਵਿਚ ਲਿਆਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮ ਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਦੀ ਇਸ ਰਾਗ ਵਿਚ ਰਚਿਤ ਬਾਣੀ ਭਾਰਤੀ ਸੰਗੀਤ ਨੂੰ ਮਹਾਨ ਦੇਣ ਹੈ। ਭਗਤ ਕਬੀਰ, ਭਗਤ ਰਵਿਦਾਸ, ਸੇਖ ਫ਼ਰੀਦ, ਇਨ੍ਹਾਂ ਨੇ ਵੀ ਇਸ ਰਾਗ ਵਿਚ ਬਾਣੀ ਦੀ ਰਚਨਾ ਕੀਤੀ ਹੈ।

ਗੁਰਮਤਿ ਸੰਗੀਤ ਦੇ ਖੋਜੀਆਂ ਵਿਚੋਂ ਸ੍ਰੀ ਮਾਨ ਡਾਕਟਰ ਭਾਈ ਵੀਰ ਸਿੰਘ ਦੀ 'ਗੁਰਮਤਿ ਸੰਗੀਤ ਪਰ ਹੁਣ ਤੀਕ ਮਿਲੀ ਖੋਜ' ਪੰਨਾ 27 ਅਨੁਸਾਰ ਮੇਘ ਰਾਗ ਦੀ ਰਾਗਣੀ ਸੂਹਬੀ ਹੈ। 'ਊਚੇ ਸੁਰਿ ਸੂਹਉ ਪੁਨਿ ਕੀਨੀ'। ਭੈਰਵ, ਸਿਰੀ ਰਾਗ, ਕਾਨੜਾ, ਸਾਰੰਗ ਦੇ ਮੇਲ ਤੋਂ ਸੂਹਬੀ ਹੁੰਦੀ ਹੈ, ਮੇਘ ਦੀ ਛਾਇਆ ਸਮੇਤ ਹੈ। ਪ੍ਰੰਤੂ ਹੋਰਨਾਂ ਮੱਤਾਂ ਵਿਚ ਜੇਹਾ ਕੁ 'ਸੁਰ ਤਾਲ ਸਮੂਹ' ਵਿਚ ਭੈਰਵ ਦੀ ਨੂੰਹ ਲਿਖੀ ਹੈ। ਸ੍ਰੀ ਮਾਨ ਡਾਕਟਰ ਚਰਨ ਸਿੰਘ ਦੀ 'ਗੁਰਮਤਿ ਸੰਗੀਤ ਪਰ ਹੁਣ ਤੀਕ ਮਿਲੀ ਖੋਜ' ਪੰਨਾ 28 ਅਨੁਸਾਰ 'ਰਾਧਾ ਗੋਬਿੰਦ ਸੰਗੀਤ ਸਾਰ' ਵਿਚ ਨਟ ਨਾਰਾਯਨ ਦੀ ਇਸਤਰੀ ਸੂਹੀ ਲਿਖੀ ਹੈ। ਸੰਪੂਰਨ ਹੈ। ਪ੍ਰੰਤੂ 'ਬੁਧ ਪ੍ਰਕਾਸ਼ ਦਰਪਣ' ਵਿਚ 'ਰਾਗ ਮਾਲਾ' ਅਨੁਸਾਰ ਮੇਘ ਰਾਗ ਦੀ ਇਸਤਰੀ ਲਿਖੀ ਹੈ। ਇਸ ਦਾ ਸਰੂਪ 'ਭੈਰਵ ਸਿਰੀ ਰਾਗ ਔ ਸਾਰਗ ਕਾਨੜਾ ਮਿਲੈ ਤਬੈ ਸੂਹਬ ਅੰਗ' ਇਸ ਪ੍ਰਕਾਰ ਲਿਖਿਆ ਹੈ। 'ਸੁਰ ਤਾਲ ਸਮੂਹ ਵਿਚ ਭੈਰਵ ਦੀ ਨੂੰਹ ਸੂਹੀ ਲਿਖੀ ਹੈ। ਸੁਰ ਗੁਰ ਇਸ ਦਾ ਪੰਚਮ ਹੈ। ਵਾਦੀ ਖਰਜ ਸੰਵਾਦੀ ਪੰਚਮ ਹੈ। ਮਾਲ ਸਿਰੀ ਸ਼ੁੱਧ, ਬਿਭਾਸ, ਬਿਲਾਵਲ, ਬਾਗੇਸ਼ਰੀ ਮਿਲ ਕੇ ਸੂਹੀ ਰਾਗਣੀ ਬਣਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ ਗ੍ਰੰਥ 'ਮਹਾਨ ਕੋਸ਼' ਵਿਚ ਰਾਗ ਸੂਹਾ ਨੂੰ ਰਾਗ ਸੂਹੀ ਦਾ ਸਰੂਪ ਮੰਨਿਆ ਹੈ। ਜੋ ਕਾਨੜਾ ਦਾ ਇਕ ਪ੍ਰਕਾਰ ਹੈ। ਧੈਵਤ ਵਰਜਿਤ ਹੋਣ ਕਾਰਨ ਇਸ ਦੀ ਸ਼ਾੜਵ ਜਾਤੀ ਹੈ। ਕਾਫ਼ੀ ਥਾਟ ਹੈ। ਗਾਉਣ ਦਾ ਵੇਲਾ ਦੋ ਘੜੀ ਦਿਨ ਚੜ੍ਹੇ ਹੈ। ਆਰੋਹੀ - ਸ ਰ ਗੁ ਮ ਪ ਨੁ ਸਂ। ਅਵਰੋਹ - ਸਂ ਨੁ ਮ ਪ ਗੁ ਰ ਸ। ਡਾਕਟਰ ਜੀ.ਐਸ. ਮਾਨਸੁਖਾਨੀ ਨੇ ਆਪਣੀ ਪੁਸਤਕ 'ਇੰਡੀਅਨ ਕਲਾਸੀਕਲ ਮਿਊਜ਼ਕ ਐਂਡ ਸਿੱਖ ਕੀਰਤਨ' ਵਿਚ ਰਾਗੁ ਸੂਹੀ ਦਾ ਅੱਜ ਦਾ ਪ੍ਰਚਲਿਤ ਸਰੂਪ ਬਿਲਾਵਲ ਥਾਟ ਦਾ ਸੰਪੂਰਨ ਜਾਤੀ ਦਾ, ਆਰੋਹ ਵਿਚ ਸ਼ੁਧ ਤੇ ਅਵਰੋਹ ਵਿਚ ਕੋਮਲ ਨਿਸ਼ਾਦ ਦੇ ਪ੍ਰਯੋਗ ਵਾਲਾ ਹੀ ਮੰਨਿਆ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ 'ਦਾ ਐਨਸਾਈਕਲੋਪੀਡੀਆ ਆਫ ਸਿਖਇਜ਼ਮ' ਵੋ: ੨, ਪੰਨਾ 173 ਅਨੁਸਾਰ ਰਾਗ ਮਾਲਾ ਵਿਚ ਰਾਗ ਸੂਹੀ ਨੂੰ ਮੇਘ ਦੀ ਰਾਗਨੀ ਮੰਨਿਆ ਗਿਆ ਹੈ। ਪਰ ਅੱਜ ਇਸ ਨੂੰ ਕਾਫੀ ਥਾਟ ਦਾ ਰਾਗ ਮੰਨਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਇਕ ਪ੍ਰਕਾਰ, ਰਾਗ ਸੂਹੀ ਲਲਿਤ ਦਿੱਤਾ ਗਿਆ ਹੈ। ਰਾਗ ਸੂਹੀ ਦਾ ਵਾਦੀ ਪੰਚਮ ਤੇ ਸੰਵਾਦੀ ਸ਼ੜਜ ਹੈ। ਆਰੋਹ ਸ ਰ ਗ ਮ ਪ, ਨ ਧ ਨ ਸਂ। ਅਵਰੋਹ ਸਂ ਨੁ ਧ ਪ, ਮ ਗ, ਰ ਗ ਰ, ਸ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿਚੋਂ ਸੰਤ ਸਰਵਣ ਸਿੰਘ ਗੰਧਰਵ ਦੇ 'ਸੁਰ ਸਿਮਰਣ ਸੰਗੀਤ' ਭਾਗ-੭ ਵਿਚ ਕਾਫੀ ਥਾਟ ਦਾ ਰਾਗੁ ਸੂਹੀ ਹੈ। ਜਿਸ ਵਿਚ ਗੰਧਾਰ ਕੋਮਲ, ਆਰੋਹ ਵਿਚ ਨਿਸ਼ਾਦ ਸ਼ੁਧ ਤੇ ਅਵਰੋਹ ਵਿਚ ਕੋਮਲ ਹੈ। ਆਰੋਹ ਵਿਚ ਧੈਵਤ ਵਰਜਿਤ ਹੋਣ ਕਾਰਨ ਜਾਤੀ ਸ਼ਾੜਵ ਸੰਪੂਰਨ ਹੈ। ਅਰੋਹ ਸ ਰ ਗੁ ਮ, ਪ ਨੁ ਪ, ਨ ਸਂ ਅਵਰੋਹ ਸਂ ਨੁ ਧ ਪ, ਮ ਗੁ ਮ, ਰ ਸ।

ਡਾਕਟਰ ਗੁਰਨਾਮ ਸਿੰਘ ਨੇ 'ਆਦਿ ਗ੍ਰੰਥ ਰਾਗੁ ਕੋਸ਼' ਵਿਚ ਕਾਨੜਾ ਦੇ ਇਕ ਪ੍ਰਕਾਰ ਰਾਗ ਸੂਹਾ ਨੂੰ ਹੀ ਰਾਗ ਸੂਹੀ ਮੰਨਿਆ ਹੈ। ਪ੍ਰਿੰਸੀਪਲ ਦਿਆਲ ਸਿੰਘ ਨੇ 'ਗੁਰਮਤ ਸੰਗੀਤ ਸਾਗਰ' ਭਾਗ-੩ ਵਿਚ ਰਾਗ ਸੂਹੀ ਨੂੰ ਬਿਲਾਵਲ ਥਾਟ ਦਾ ਰਾਗ ਮੰਨਿਆ ਹੈ। ਆਰੋਹ ਵਿਚ ਰਿਸ਼ਭ ਤੇ ਅਵਰੋਹ ਵਿਚ ਧੈਵਤ ਵਰਜਿਤ ਹੈ ਤੇ ਮਧਿਅਮ ਅੰਦੋਲਤ ਹੈ, ਜਤੀ ਸ਼ਾੜਵ-ਸ਼ਾੜਵ ਹੈ। ਆਰੋਹ ਸ, ਗ ਮ, ਪ, ਨ ਧ ਨ ਸਂ ਅਵਰੋਹ ਸਂ ਨੁ ਪ ᴳਮ, ਮ ਰ, ਸ। 'ਪ੍ਰਾਚੀਨ ਗੀਤ ਰਤਨਾਵਲੀ' ਦੇ ਕਰਤਾ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਨੇ ਰਾਗ ਸੂਹੀ ਦੇ ਤਿੰਨ ਵਖ ਵਖ ਸਰੂਪਾਂ ਦਾ ਜ਼ਿਕਰ ਕੀਤਾ ਹੈ। ਇਕ ਸੂਹੀ ਬਿਲਾਵਲ ਅੰਗ, ਧੈਵਤ ਵਰਜਿਤ, ਜਾਤੀ ਸ਼ਾੜਵ-ਸ਼ਾੜਵ, ਵਾਦੀ ਮਧਿਅਮ, ਸੰਵਾਦੀ ਸ਼ੜਜ ਹੈ। ਆਰੋਹ ਸ ਰ ਗ ਮ ਪ ਨ ਸਂ। ਅਵਰੋਹ ਸਂ ਨ ਮ ਪ ਗ ਰ ਸ, ਦੂਜਾ ਸਰੂਪ ਕਾਫੀ ਅੰਗ ਦਾ ਹੈ ਧੈਵਤ ਵਰਜਿਤ ਹੈ ਜਾਤੀ ਸ਼ਾੜਵ ਸ਼ਾੜਵ ਹੈ। ਮਧਿਅਮ ਸ਼ੜਜ ਦਾ ਸੰਵਾਦ ਹੈ। ਆਰੋਹ ਸ ਰ ਗੁ ਮ ਪ ਨ ਸਂ। ਅਵਰੋਹ ਸਂ ਨੁ ਪ ਮ ਗੁ ਰ ਸ। ਰਾਗੁ ਸੂਹੀ ਦਾ ਤੀਜਾ ਸਰੂਪ ਜਿਸ ਦਾ ਉਨ੍ਹਾਂ ਵਿਸਥਾਰ ਵੀ ਦਿੱਤਾ ਹੈ ਤੇ ਬੰਦਸ਼ਾਂ ਵੀ ਦਿੱਤੀਆਂ ਹਨ। ਉਹ ਬਿਲਾਵਲ ਅੰਗ ਦਾ ਰਾਗ ਹੈ। ਵਾਦੀ ਪੰਚਮ, ਸੰਵਾਦੀ ਸ਼ੜਜ ਜਾਤੀ ਸੰਪੂਰਨ, ਸਮਾਂ ਦਿਨ ਦਾ ਦੂਜਾ ਪਹਿਰ ਹੈ। ਆਰੋਹ ਸ ਰ ਗ ਮ, ਰ ਗ ਮ ਪ, ਨ ਧ ਨ ਸਂ। ਅਵਰੋਹ ਸਂ ਨੁ ਧ ਪ, ਮ ਗ ਰ ਗਰ ਸ। 'ਗੁਰਬਾਣੀ ਸੰਗੀਤ' ਦੇ ਕਰਤਾ ਸਰਦਾਰ ਗਿਆਨ ਸਿੰਘ ਐਬਟਾਬਾਦ ਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗੁ ਰਤਨਾਵਲੀ' ਦੇ ਕਰਤਾ ਪ੍ਰੋਫੈਸਰ ਤਾਰਾ ਸਿੰਘ ਤੇ 'ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ' ਜਵੱਦੀ ਟਕਸਾਲ ਇਨ੍ਹਾਂ ਨੇ ਲਗਭਗ ਇਹੀ ਸਰੂਪ ਦਿੱਤੇ ਹਨ। ਸੋ ਪ੍ਰਮਾਣਿਕ ਤੱਥਾਂ ਦੇ ਅਧਾਰ ਤੇ ਸੂਹੀ ਦੇ ਇਸ ਸਰੂਪ ਨੂੰ ਨਿਸਚਿਤ ਰੂਪ ਵਿਚ ਪ੍ਰਵਾਣਿਤ ਮੰਨ ਕੇ ਇਥੇ ਦਿੱਤਾ ਜਾ ਰਿਹਾ ਹੈ।

***ਪਰੀਚੈ:***

**ਰਾਗੁ** - ਸੂਹੀ **ਥਾਟ** - ਬਿਲਾਵਲ

**ਸਵਰ** - ਦੋਵੇਂ, ਨਿਸ਼ਾਦ ਹੋਰ ਸਭ ਸ਼ੁਧ

**ਵਰਜਿਤ ਸਵਰ** - ਕੋਈ ਨਹੀਂ

**ਜਾਤੀ** - ਸੰਪੂਰਨ -ਸੰਪੂਰਨ **ਵਾਦੀ**- ਪੰਚਮ

**ਸੰਵਾਦੀ** - ਸ਼ੜਜ **ਸਮਾਂ** - ਦਿਨ ਦਾ ਦੂਜਾ ਪਹਿਰ

**ਆਰੋਹ** - ਸ ਰ ਗ ਮ, ਪ ਨ ਧ ਨ ਸਂ

**ਅਵਰੋਹ** - ਸਂ ਨੁ ਧ ਪ, ਮ ਗ, ਰ ਗ ਰ ਸ।

**ਮੁੱਖ ਅੰਗ** (ਪਕੜ) - ਸਂ, ਨੁ ਪ, ਮ ਗ ਰ ਗ, ਮ ਗ ਰ ਸ।

---

*ਪੁਸਤਕ 'ਗੁਰਮਤਿ ਸੰਗੀਤ ਦਰਪਣ' ਵਿਚੋਂ ਧੰਨਵਾਦ ਸਹਿਤ*

# ਕੀਰਤਨੁ

## ਡਾ. ਰਤਨ ਸਿੰਘ ਜੱਗੀ

ਭਗਤੀ ਭਾਵਨਾ ਨੂੰ ਪ੍ਰਗਟ ਕਰਨ ਲਈ ਕੀਰਤਨ ਦਾ ਵਿਸ਼ੇਸ਼ ਮਹੱਤਵ ਹੈ। 'ਕੀਰਤਨ' ਤੋਂ ਭਾਵ ਹੈ ਪ੍ਰਮਾਤਮਾ ਦੇ ਗੁਣਾਂ ਦਾ ਯਸ਼ ਗਾਉਣਾ। ਭਗਤੀ ਦੇ ਵਿਕਾਸ ਨੂੰ ਜੇ ਧਿਆਨ ਨਾਲ ਵਾਚੀਏ ਤਾਂ ਪਤਾ ਲੱਗਦਾ ਹੈ ਕਿ ਪੁਰਾਤਨ ਕਾਲ ਤੋਂ ਕੀਰਤਨ ਵੱਲ ਭਗਤਾਂ ਦੀ ਵਿਸ਼ੇਸ਼ ਰੁਚੀ ਰਹੀ ਹੈ। 'ਭਗਵਦ-ਗੀਤਾ' ਭਗਤੀ ਦੇ ਸ਼ਾਸਤਰੀ ਗ੍ਰੰਥਾਂ ਅਤੇ ਵੈਸ਼ਨਵ ਧਰਮ-ਗ੍ਰੰਥਾਂ ਵਿਚ ਸਭ ਥਾਂ ਕੀਰਤਨ ਦੀ ਮਹਿਮਾ ਗਾਈ ਮਿਲ ਜਾਂਦੀ ਹੈ। 'ਭਗਵਤ-ਪੁਰਾਣ' ਵਿਚ ਇਸ ਨੂੰ ਨਵਧਾ ਭਗਤੀ ਦਾ ਇਕ ਅੰਗ ਮੰਨਿਆ ਗਿਆ ਹੈ। ਉਥੇ ਇਹ ਵੀ ਦਸਿਆ ਗਿਆ ਹੈ ਕਿ ਸਤਿਯੁਗ ਵਿਚ ਭਗਵਾਨ ਦਾ ਧਿਆਨ ਕਰਨ ਨਾਲ, ਤ੍ਰੇਤਾ ਯੁਗ ਵਿਚ ਯੱਗ ਕਰਨ ਨਾਲ, ਦੁਆਪਰ ਯੁਗ ਵਿਚ ਸੇਵਾ-ਪੂਜਾ ਕਰਨ ਨਾਲ ਜੋ ਫ਼ਲ ਪ੍ਰਾਪਤ ਹੁੰਦਾ ਹੈ, ਉਹ ਕਲਿਯੁਗ ਵਿਚ ਭਗਵਾਨ ਦੇ ਨਾਮ ਦੇ ਕੀਰਤਨ ਤੋਂ ਪ੍ਰਾਪਤ ਹੋ ਜਾਂਦਾ ਹੈ।

ਗੁਰਬਾਣੀ ਨੂੰ ਸੰਗੀਤਬੱਧ ਕਰਨ ਦੀ ਕਿਉਂ ਲੋੜ ਪਈ? ਇਸ ਦਾ ਉੱਤਰ ਬੜਾ ਸਰਲ ਹੈ ਕਿ ਬਾਣੀਕਾਰਾਂ ਦਾ ਬਾਣੀ ਰਚਣ ਦਾ ਮਨੋਰਥ ਕਾਵਿ ਸਿਰਜਨਾ ਤਕ ਸੀਮਤ ਨਹੀਂ ਸੀ, ਸਗੋਂ ਆਪਣੇ ਰਹਸਾਨੁਭਵ ਨੂੰ ਸਰੋਤਿਆਂ ਤਕ ਪਹੁੰਚਾ ਕੇ ਸਾਧਾਰਣੀਕਰਨ ਦੀ ਅਵਸਥਾ ਵਿਚ ਲਿਆਉਣਾ ਸੀ। ਕਾਵਿ ਸ਼ਬਦਾਂ ਦਾ ਲੈਆਤਮਕ ਸੰਯੋਜਨ ਹੈ ਪਰ ਇਹ ਉਸੇ ਵਿਅਕਤੀ ਨੂੰ ਆਨੰਦਿਤ ਕਰਦਾ ਹੈ ਜੋ ਉਸ ਭਾਸ਼ਾ ਤੋਂ ਜਾਣੂ ਹੁੰਦਾ ਹੈ। ਪਰ ਸੰਗੀਤ ਦੀ ਭਾਸ਼ਾ ਬ੍ਰਹਿਮੰਡੀ ਨਾਦ ਵਾਲੀ ਹੈ। ਇਸ ਤੋਂ ਮਨੁੱਖ ਤਾਂ ਕੀ ਪਸ਼ੂ, ਪੰਛੀ ਵੀ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦੇ। ਪੰਘੂੜੇ ਵਿਚ ਪਿਆ ਰੋਂਦਾ ਬੱਚਾ ਵੀ ਰੁਦਨ ਨੂੰ ਖੁਸ਼ੀ ਵਿਚ ਬਦਲ ਲੈਂਦਾ ਹੈ।

ਮੱਧ-ਯੁਗ ਦੇ ਭਗਤਾਂ ਨੇ ਵੀ ਕੀਰਤਨ ਉਤੇ ਬਹੁਤ ਬਲ ਦਿੱਤਾ ਹੈ, ਪਰ ਗੁਰਮਤਿ ਵਿਚ ਕੀਰਤਨ ਨੂੰ ਉਚੇਰਾ ਮਹੱਤਵ ਅਤੇ ਸਥਾਨ ਪ੍ਰਾਪਤ ਹੈ। ਇਸ ਨੂੰ ਮਨੁੱਖ ਦੀ ਅਧਿਆਤਮਕ ਅਗਵਾਈ ਦਾ ਸਰਬੋਤਮ ਸਾਧਨ ਦਸਿਆ ਗਿਆ ਹੈ। ਗੁਰੂ ਨਾਨਕ ਦੇਵ ਜੀ 'ਜਪੁਜੀ' ਵਿਚ ਕੀਰਤਨ ਨੂੰ ਸ਼੍ਰਵਣ ਅਤੇ ਮਨਨ ਤੋਂ ਪਹਿਲਾਂ ਸਥਾਨ ਦਿੰਦੇ ਹੋਇਆਂ, ਇਸ ਦੁਆਰਾ ਪ੍ਰਮਾਰਥ ਦੀ ਪ੍ਰਾਪਤੀ ਸੰਭਵ ਹੋਈ ਦੱਸੀ ਹੈ - ***ਹਰਿ ਗੁਣਿ ਗਾਵਹਿ ਮਿਲਿ ਪਾਰਮਾਰੰਥ*** (ਗੁ: ਗ੍ਰੰ: 413)। ਕੀਰਤਨ ਕਰਨ ਵਾਲੇ ਉਤੇ, ਗੁਰੂ ਅਰਜਨ ਦੇਵ ਅਨੁਸਾਰ, ਜਮ-ਕਾਲ ਦਾ ਪ੍ਰਭਾਵ ਨਹੀਂ ਪੈ ਸਕਦਾ - ***ਜੋ ਜਨੁ ਕਰੈ ਕੀਰਤਨੁ ਗੋਪਾਲ॥ ਤਿਸ ਕਉ ਪੋਹਿ ਨ ਸਕੈ ਜਮੁ ਕਾਲੁ॥*** (ਗੁਰੂ ਗ੍ਰੰਥ ਸਾਹਿਬ, 867) ਗੁਰੂ ਅਰਜਨ ਦੇਵ ਜੀ ਨੇ ਇਹ ਵੀ ਦਸਿਆ ਕਿ ਆਵਾਗਵਣ ਤੋਂ ਬਚਣ ਦਾ ਸਾਧਨ ਦਿਨ ਰਾਤ ਪ੍ਰਮਾਤਮਾ ਦਾ ਕੀਰਤਨ ਕਰਨਾ ਹੀ ਹੈ - ***ਹਰਿ ਦਿਨੁ ਰੈਨਿ ਕੀਰਤਨ ਗਾਈਐ। ਬਹੁੜਿ ਨ ਜੋਨੀ ਪਾਈਐ।*** (ਗੁ: ਗ੍ਰੰ: 624)। ਸਮੁੱਚੇ ਤੌਰ 'ਤੇ ਗੁਰੂ ਅਰਜਨ ਦੇਵ ਜੀ ਨੇ, ***ਕਲਜੁਗ ਮਹਿ ਕੀਰਤਨ ਪਰਧਾਨਾ।*** (ਗੁ: ਗ੍ਰੰ: 1075)। ਕਹਿ ਕੇ ਇਸਨੂੰ ਨਿਰਮੋਲਕ ਹੀਰਾ ਅਤੇ ਸ਼੍ਰੇਸ਼ਠ ਗੁਣਾਂ ਦਾ ਸਮੁੱਚ ਦਸਿਆ ਹੈ ***ਕੀਰਤਨ ਨਿਰਮੋਲ ਹੀਰਾ। ਆਨੰਦ ਗੁਣੀ ਗਹੀਰਾ।*** (ਗੁ: ਗ੍ਰੰ: 893) ਅਤੇ ਇਸ ਨੂੰ ਮਨੁੱਖਤਾ ਦੇ ਵਿਕਾਸ ਲਈ 'ਅਟਲ ਧਰਮ' ਦਾ ਨਾਂ ਦਿੱਤਾ ਹੈ।

ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਨਾ ਕੇਵਲ ਕੀਰਤਨ ਉਤੇ ਬਲ ਦਿੱਤਾ ਹੈ ਸਗੋਂ ਆਪ ਵੀ ਕੀਰਤਨਮਈ ਜੀਵਨ ਜੀਵਿਆ ਹੈ। ਉਨ੍ਹਾਂ ਦੀ ਆਪਣੀ ਅਤੇ ਹੋਰਨਾਂ ਗੁਰੂ ਸਾਹਿਬਾਂ ਦੀ ਬਾਣੀ ਰਾਗ ਬੱਧ ਹੈ। ਕਵਿਤਾ ਵਿਚ ਤਾਂ ਹੋਰਨਾਂ ਵੀ ਕਈ ਧਰਮ-ਆਗੂਆਂ ਦੀ ਰਚਨਾ ਭਾਵੇਂ ਮਿਲ ਜਾਏ, ਪਰ ਉਸ ਨੂੰ ਕੀਰਤਨ ਵਿਚ ਢਾਲਣ ਦੀਆਂ ਉਦਾਹਰਣਾਂ ਘੱਟ ਹਨ। ਗੁਰੂ ਸਾਹਿਬਾਨ ਸਾਹਿਤਕਾਰ ਵੀ ਸਨ ਤੇ ਸੰਗੀਤਕਾਰ ਵੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਸ਼ਾਇਰ (***ਨਾਨਕ ਸ਼ਾਇਰ ਏਵ ਕਹਿਤ ਹੈ***) ਅਤੇ ਸੰਗੀਤਕਾਰ (***ਹਉ ਢਾਢੀ ਦਰ ਪ੍ਰਭੁ ਖਸਮ ਕਾ ਨਿਤ ਗਾਵੈ ਹਰਿ ਗੁਣ ਛੰਦਾ***) ਦੋਵੇਂ ਕਿਹਾ ਹੈ। ਗੁਰਬਾਣੀ ਕਵਿਤਾ ਵਿਚ ਹੋਣ ਦੇ ਨਾਲ ਨਾਲ ਰਾਗ ਬੱਧ ਇਸ ਲਈ ਹੈ ਕਿ ਇਸ ਦਾ ਕੀਰਤਨ

ਕਰਨਾ ਇਸ ਦੀ ਬੁਨਿਆਦੀ ਲੋੜ ਹੈ। ਰਾਗ ਉਦਾਸ ਮਨਾਂ ਨੂੰ ਸੁਰਜੀਤ ਕਰ ਦਿੰਦਾ ਹੈ। ਕੀਰਤਨ ਪ੍ਰਭੂ ਭਗਤੀ ਨੂੰ ਸਰਲ ਅਤੇ ਰਸ-ਯੁਕਤ ਬਣਾਉਂਦਾ ਹੈ। ਕੀਰਤਨ ਬੁਝੇ ਹੋਏ ਮਨ ਨੂੰ ਟੁੰਬ ਦਿੰਦਾ ਹੈ, ਉਸ ਅੰਦਰ ਅਧਿਆਤਮਕ ਕੰਬੜੀ ਛੇੜ ਦਿੰਦਾ ਹੈ। ਇਸ ਲਈ ਗੁਰੂ ਨਾਨਕ ਦੇਵ ਨੇ ਭਾਈ ਮਰਦਾਨੇ ਨੂੰ ਕੀਰਤਨ ਲਈ ਸਦਾ ਆਪਣੇ ਸਾਥ ਵਿਚ ਰਖਿਆ ਹੈ। ਅਸਲ ਵਿਚ ਉਹ ਆਪਣੀ ਬਾਣੀ ਨੂੰ ਰਬਾਬ ਸਾਜ਼ ਨਾਲ ਇਕ ਸੁਰ ਕਰ ਕੇ ਜਿਗਿਆਸੂਆਂ ਦੇ ਮਨ ਨੂੰ ਕੀਲ ਲੈਂਦੇ ਸਨ। ਉਨ੍ਹਾਂ ਦਾ ਅਗੰਮੀ ਕੀਰਤਨ ਸੁਣ ਕੇ ਕੋਈ ਵੀ ਜੀਵ ਅਧਿਆਤਮਕਤਾ ਤੋਂ ਸਖਣਾ ਨਹੀਂ ਰਹਿੰਦਾ ਸੀ।

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸਿੱਖ ਪ੍ਰੰਪਰਾ ਵਿਚ ਰਬਾਬੀਆਂ ਦੁਆਰਾ ਕੀਰਤਨ ਕਰਨ ਦੀ ਵਿਵਸਥਾ ਬਣੀ ਰਹੀ। ਗੁਰੂ ਅਰਜਨ ਦੇਵ ਨੇ ਨਿੱਤ ਕੀਰਤਨ ਦੀਆਂ ਚਾਰ ਚੌਕੀਆਂ (ਆਸਾ ਕੀ ਵਾਰ ਦੀ ਚੌਕੀ, ਚਰਨ ਕੰਵਲ ਦੀ ਚੌਕੀ, ਸੋਦਰ ਦੀ ਚੌਕੀ ਅਤੇ ਕਲ੍ਯਾਣ ਦੀ ਚੌਕੀ) ਦੀ ਮਰਿਯਾਦਾ ਕਾਇਮ ਕੀਤੀ ਅਤੇ ਸਿੱਖਾਂ ਨੂੰ ਖੁਦ ਕੀਰਤਨ ਕਰਨ ਲਈ ਉਤਸ਼ਾਹਿਤ ਕੀਤਾ। ਸਿੱਖ ਧਰਮ ਵਿਚ ਕੀਰਤਨ ਦੀ ਸਥਾਪਨਾ ਦਾ ਮੂਲ ਕਾਰਨ ਕੀਰਤਨ ਦੀ ਉਹ ਸ਼ਕਤੀ ਹੈ, ਜੋ ਮਨ ਨੂੰ ਇਕਾਗਰ ਕਰਨ ਵਿਚ ਬੜੀ ਸਫ਼ਲ ਹੈ।

ਕੀਰਤਨ ਦੇ ਮਹਾਤਮ ਨੂੰ ਭਾਈ ਗੁਰਦਾਸ ਦੀ 11ਵੀਂ ਵਾਰ ਉਤੇ ਲਿਖੇ ਟੀਕੇ 'ਸਿੱਖਾਂ ਦੀ ਭਗਤਮਾਲਾ' ਵਿਚ ਬੜੇ ਸੁੰਦਰ ਢੰਗ ਨਾਲ ਸਪਸ਼ਟ ਕੀਤਾ ਗਿਆ ਹੈ। ਉਥੇ ਲਿਖਿਆ ਹੈ ਕਿ ਝਾਬੂ, ਮੁਕੰਦੂ ਤੇ ਕਿਦਾਰਾ ਨਾਂ ਦੇ ਗੁਰਸਿੱਖ ਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੁੰਦੇ ਹਨ ਅਤੇ ਆਪਣੇ ਸੰਸਾਰਿਕ ਉੱਧਾਰ ਦਾ ਸਾਧਨ ਪੁੱਛਦੇ ਹਨ। ਤਾਂ ਬਚਨ ਹੋਇਆ ***ਤੁਸਾਂ ਨੂੰ ਰਾਗ ਦੀ ਸਮਝ ਹੈ ਤੇ ਕਲਿਜੁਗ ਵਿਚ ਕੀਰਤਨ ਦੇ ਸਮਾਨ ਹੋਰ ਕੋਈ ਜੋਗ ਤਪ ਨਹੀਂ। ਇਹ ਸਾਤਕੀ ਸਾਧਨ ਹੈ, ਤੁਸੀਂ ਕੀਰਤਨ ਕੀਤਾ ਕਰੋ।***

ਤਾਂ ਉਨ੍ਹਾਂ ਅਰਦਾਸ ਕੀਤੀ - ਜੀ ਬਾਣੀ ਦੇ ਪਾਠ ਦੀ ਕਥਾ ਤੇ ਕੀਰਤਨ ਦਾ ਭਿੰਨ ਭਿੰਨ ਫਲ ਕਹੀਐ।

ਬਚਨ ਹੋਇਆ ***ਬਾਣੀ ਦਾ ਪਾਠ ਇਹ ਹੈ ਜੋ ਆਪਣੇ ਖੂਹੇ ਹੀ ਪੈਲੀ ਪਾਨੀ ਦੇ ਕੇ ਝਬਦੇ ਪਕਾਈਦੀ ਹੈ ਤੇ ਅਨਾਜ ਦਾ ਬੋਹਲ ਘਰ ਲੈ ਆਵੀਦਾ ਹੈ, ਜੇ ਦੂਜੇ ਖੂਹ ਦੀ ਪੈਲੀ ਨਜੀਕ ਹੋਵੇ ਤਾਂ ਉਸ ਨੂੰ ਭੀ ਪਾਣੀ ਪਹੁਚ ਸਕਦਾ ਹੈ, ਪਰ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁੰਚਦਾ ਤੇ ਕੀਰਤਨ ਐਸਾ ਹੈ ਜੈਸੇ ਮੇਘ ਗਰਜ਼ ਕੇ ਬਰਖਾ ਕਰਦਾ ਹੈ ਤਾਂ ਸਭੇ ਪੈਲੀਆਂ ਹਰੀਆਂ ਹੁੰਦੀਆਂ ਹਨ, ਤੇ ਕਥਾ ਦਾ ਫ਼ਲ ਇਹ ਹੈ ਕਿ ਜੋ ਮੇਘ ਠਹਿਰਿਆ ਹੋਇਆ ਨਿਰਵਾਤ ਝਿੰਮ ਝਿੰਮ ਬਰਖਾ ਕਰਦਾ ਹੈ।***

ਇਸ ਟੂਕ ਤੋਂ ਸਪਸ਼ਟ ਹੈ ਕਿ ਕੀਰਤਨ ਦਾ ਪ੍ਰਭਾਵ ਬਹੁਤ ਵਿਸ਼ਾਲ ਅਤੇ ਗੰਭੀਰ ਹੈ। ਇਸ ਨਾਲ ਇਕ ਦਮ ਵਾਤਾਵਰਣ ਬਦਲ ਜਾਂਦਾ ਹੈ, ਅਧਿਆਤਮਿਕਤਾ ਨਾਲ ਸਾਰੇ ਸਰੋਤੇ ਸਰਸ਼ਾਰ ਹੋ ਜਾਂਦੇ ਹਨ। ਜਿਗਿਆਸੂ ਦਾ ਸੁੱਤਾ ਮਨ ਜਾਗ ਪੈਂਦਾ ਹੈ, ਦੁਖ ਅਤੇ ਕਲੇਸ਼ ਮਿਟ ਜਾਂਦੇ ਹਨ, ਪਾਪਾਂ ਦੀ ਮੈਲ ਕਟ ਜਾਂਦੀ ਹੈ, ਹਰਿ ਨਾਮ ਵਿਚ ਲਿਵ ਲਗ ਜਾਂਦੀ ਹੈ, ਲੋਕ-ਪਰਲੋਕ ਸਫ਼ਲ ਹੋ ਜਾਂਦਾ ਹੈ। ਸਵੱਛ ਮਨ ਵਾਲਾ ਵਿਅਕਤੀ ਜਿਥੇ ਅਧਿਆਤਮਕ ਜਗਤ ਵਿਚ ਵਿਕਾਸ ਕਰਦਾ ਹੈ, ਉਥੇ ਨਾਲ ਹੀ ਲੌਕਿਕ ਜੀਵਨ ਵਿਚ ਉਸ ਦਾ ਅਚਾਰ ਤੇ ਵਿਚਾਰ ਸ੍ਰੇਸ਼ਠ ਹੁੰਦੇ ਹਨ। ਉਹ ਇਕ ਚੰਗਾ ਸਮਾਜਕ ਜੀਵ ਬਣਦਾ ਹੈ।

ਕੀਰਤਨ ਦਾ ਸਿਮਰਨ ਤੋਂ ਵੀ ਅਧਿਕ ਮਹੱਤਵ ਦਸਦੇ ਹੋਇਆਂ ਭਾਈ ਅਰਦਮਨ ਸਿੰਘ ਬਾਗੜੀਆ ਨੇ ਆਪਣੇ ਇਕ ਭਾਸ਼ਣ ਵਿਚ ਦਸਿਆ ਸੀ ਕਿ ਸਿਮਰਨ ਜਾਤੀ ਅਭਿਆਸ ਨਾਲ ਹੁੰਦਾ ਹੈ। ਮਨ ਨੂੰ ਮੋੜ ਮੋੜ ਕੇ ਲਿਆ ਕੇ ਚਿੱਤ ਵਿਤ੍ਰੀ ਇਕਾਗਰ ਕਰਨੀ ਪੈਂਦੀ ਹੈ, ਤਾਂ ਲਿਵ ਲਗਦੀ ਹੈ। ਇਹ ਪਹਿਲਾ ਅਲੂਣੀ ਸਿਲ ਚੱਟਣ ਵਾਂਗ ਹੁੰਦਾ ਹੈ। ਕਾਫੀ ਅਭਿਆਸ ਪਿਛੋਂ ਕਿਤੇ ਜਾ ਕੇ ਰਸ ਆਉਣ ਲੱਗਦਾ ਹੈ। ਉਧਰ ਕੀਰਤਨ ਨਾਲ ਸਿੱਧਾ ਹੀ ਗੁਰ ਸੰਗਤਿ ਵਿਚ ਪਹੁੰਚ ਜਾਈਦਾ ਹੈ। ਅਲੂਣੀ ਸਿਲ ਚੱਟਣ ਦੀ ਬਜਾਇ ਇਸ ਵਿਚੋਂ ਨਾਮ ਰਸ ਦਾ ਸਵਾਦ ਸਹਿਜੇ ਹੀ ਆਉਣ ਲੱਗ ਜਾਂਦਾ ਹੈ। ਕੀਰਤਨ ਦਾ ਅਸਰ ਮਨ ਉਪਰ ਸਿੱਧਾ ਹੁੰਦਾ ਹੈ। ਇਹ ਬੁੱਧੀ ਦੀ ਛਾਣ-ਬੀਣ ਵਿਚ ਨਹੀਂ ਫਸਦਾ, ਇਸ ਲਈ ਬਿਰਤੀ ਸਹਿਜੇ ਹੀ ਇਕਾਗਰ ਹੋ ਜਾਂਦੀ ਹੈ।

ਕੀਰਤਨ ਦੇ ਇਸ ਮਹੱਤਵ ਨੂੰ ਮੁਖ ਰਖਦਿਆਂ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਦੁਰਮਤਿ-ਨਾਸ਼ਕ ਅਤੇ ਸਗਲ ਮਨੋਰਥ ਪੂਰਾ ਕਰਨ ਵਾਲਾ ਦਸਿਆ ਹੈ ***ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ। ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ।*** (ਗੁ: ਗ੍ਰੰ: 1300)

ਅੰਤ ਵਿਚ ਇਹ ਸਹਿਜੇ ਹੀ ਸਿੱਟਾ ਨਿਕਲਦਾ ਹੈ ਕਿ ਕੀਰਤਨ ਕਰਨਾ ਜਾਂ ਸੁਣਨਾ ਅਧਿਆਤਮਕ ਸਾਧਨਾ ਦੀ ਇਕ ਪ੍ਰਮੁਖ ਲੋੜ ਹੈ। ਇਸ ਨਾਲ ਜਿਥੇ ਵਿਅਕਤੀ ਸਤਿ ਸੰਗਤਿ ਵਿਚ ਆ ਕੇ ਕੀਰਤਨ ਦਾ ਸੁਆਦ ਮਾਣਦਾ ਹੈ। ਉਥੇ ਉਸ ਦੇ ਚਰਿਤਰ ਵਿਚ ਬ੍ਰਹਮੀ ਅੰਸ਼ ਵਧਦਾ ਹੈ ਅਤੇ ਉਹ ਸ਼੍ਰੇਸ਼ਠ ਮਨੁੱਖ ਬਣ ਕੇ ਲੋਕਾਂ ਦਾ ਉਧਾਰ ਕਰਦਾ ਹੈ।

ਕੀਰਤਨ ਕਰਨ ਵਾਲੇ ਵਿਅਕਤੀ ਲਈ ਗੁਰੂ ਅਰਜਨ ਦੇਵ ਨੇ ਕੁਝ ਵਿਸ਼ੇਸ਼ ਹਦਾਇਤਾਂ ਕੀਤੀਆਂ ਹਨ। ਮੁੱਖ ਹਦਾਇਤ ਇਹ ਹੈ ਕਿ ਕੀਰਤਨ ਕਰਨ ਵਾਲੇ ਦੇ ਮਨ ਵਿਚ ਕਿਸੇ ਪ੍ਰਕਾਰ ਦਾ ਕੋਈ ਵਿਕਾਰ ਨਹੀਂ ਹੋਣਾ ਚਾਹੀਦਾ ***ਭਲੋ ਭਲੋ ਰੇ ਕੀਰਤਨੀਆਂ ਰਾਮ ਰਮਾ ਰਾਮਾ ਗੁਨ ਗਾਉ। ਛੋਡਿ ਮਾਇਆ ਕੇ ਧੰਧ ਸੁਆਉ।*** (ਗੁ: ਗ੍ਰੰ: 885)। ਗੁਰੂ ਅਮਰਦਾਸ ਨੇ ਵਿਕਾਰ ਗ੍ਰਸਤ ਅਵਸਥਾ ਵਿਚ ਕੀਤਾ ਕੀਰਤਨ ਵਿਅਰਥ ਦਸਿਆ ਹੈ ਕਿਉਂਕਿ ਵਿਕਾਰ ਕਾਰਨ ਉਸ ਨੂੰ ਕੀਰਤਨ ਦਾ ਆਨੰਦ ਪ੍ਰਾਪਤ ਨਹੀਂ ਹੋਇਆ ਅਤੇ ਨਾ ਹੀ ਸਰੋਤਾ ਨੂੰ ਆਨੰਦਿਤ ਕੀਤਾ ਜਾ ਸਕਿਆ ***ਇਕਿ ਗਾਵਤ ਰਹੇ ਮਨਿ ਸਾਦੁ ਨਾ ਪਾਇ। ਹਉਮੈ ਵਿਚਿ ਗਾਵਹਿ ਬਿਰਥਾ ਜਾਇ।*** (ਗੁ: ਗ੍ਰੰ: 158)।

---

*ਪੁਸਤਕ 'ਗੁਰੂ ਗ੍ਰੰਥ ਵਿਸ਼ਵਕੋਸ਼' ਵਿਚੋਂ ਧੰਨਵਾਦ ਸਹਿਤ*

# ਸਤਿਨਾਮ ਦੀ ਨਿਸ਼ਕਾਮ ਪ੍ਰਚਾਰਕ - ਬੀਬੀ ਸਤਿਨਾਮ ਕੌਰ

## ਡਾ. ਗੁਰਮੀਤ ਸਿੰਘ ਬੈਦਵਾਣ

ਅੰਧੇਰੀ ਵੈਸਟ ਮੁੰਬਈ ਦੀ ਬੀਬੀ ਸਤਿਨਾਮ ਕੌਰ ਦੀ ਪਵਿੱਤਰ ਰੂਹ ਪ੍ਰਮੇਸ਼ਰ ਦੇ ਰੰਗ ਵਿਚ ਰੰਗੀ ਹੋਈ ਹੈ। ਪਿਛਲੇ ਲੰਮੇ ਸਮੇਂ ਤੋਂ ਉਹ ਗੁਰਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਹਿਤ ਸਲਗਨ ਹੈ। ਉਹ ਗਾਹੇ ਬਗਾਹੇ ਗੁਰਬਾਣੀ ਦੇ ਕਿਸੇ ਸੰਕਲਪ ਤੇ ਅੱਜ ਦੇ ਸੰਦਰਭ ਵਿਚ ਭਾਵਪੂਰਤ ਸੰਵਾਦ ਰਚਾਉਂਦੀ ਰਹਿੰਦੀ ਹੈ। ਹੋਰ ਨਹੀਂ ਤਾਂ ਆਪਣੇ ਨੇੜੇ ਤੇੜੇ ਹੋ ਰਹੇ ਗੁਰਮਤਿ ਸਮਾਗਮਾਂ ਦੀ ਰਿਪੋਰਟਿੰਗ ਹੀ 'ਅੰਮ੍ਰਿਤ ਕੀਰਤਨ' ਮੈਗਜ਼ੀਨ ਨੂੰ ਭੇਜ ਦਿੰਦੀ ਹੈ। ਅਜਿਹੇ ਜਗਿਆਸੂ ਪ੍ਰਾਣੀਆਂ ਤੋਂ ਹਮੇਸ਼ਾਂ ਹੀ ਕੋਈ ਨਾ ਕੋਈ ਉਮੀਦ ਬਣੀ ਰਹਿੰਦੀ ਹੈ ਕਿ ਉਹ ਕੋਈ ਸਮੱਗਰੀ, ਕੋਈ ਪ੍ਰਵਚਨ ਸਾਡੇ ਸਾਰਿਆਂ ਲਈ ਪ੍ਰਦਾਨ ਕਰਨ। ਗੁਰਮਤਿ ਦੇ ਪ੍ਰਚਾਰ ਤੇ ਪ੍ਰਸਾਰ ਹਿਤ ਬੀਬੀ ਸਤਿਨਾਮ ਕੌਰ ਜੀ ਨੇ ਕਿਸ਼ੋਰ ਉਮਰ ਦੇ ਮਾਨਸਿਕ ਪੱਧਰ ਅਨੁਸਾਰ ਲਿਖਿਤ ਦਸਤਾਵੇਜ਼ 'ਗੁਰ ਜੈਸਾ ਨਾਹੀ ਕੋ ਦੇਵ' ਪੁਸਤਕ ਰੂਪ ਵਿਚ ਉਪਲਭਧ ਕਰਵਾਇਆ ਹੈ। ਨਵੇਂ ਵਰ੍ਹੇ 'ਤੇ ਨਵੀਂ ਤੇ ਵਿਲੱਖਣ ਦਿੱਖ ਵਾਲੀ ਪੁਸਤਕ ਦਾ ਟਾਇਟਲ ਹੀ ਗਵਾਹੀ ਭਰਦਾ ਹੈ ਕਿ ਪੁਸਤਕ ਵਿਚ ਹਨੇਰੇ ਤੋਂ ਚਾਨਣ ਵੱਲ ਦਾ ਸਫ਼ਰ ਤਹਿ ਹੋਇਆ ਮਿਲਦਾ ਹੈ। ਟਾਇਟਲ 'ਤੇ ਬਣੇ ਉਜਿਆਰੇ ਦੀਪਕ ਦੀ ਲੋਅ ਬ੍ਰਹਿਮੰਡ ਦੇ ਹਨੇਰੇ ਦੀਆਂ ਕਈ ਪਰਤਾਂ ਨੂੰ ਚੀਰਦੀ ਹੋਈ ਅੱਗੇ ਵਧ ਰਹੀ ਹੈ। ਪੁਸਤਕ ਦਾ ਨਾਂ 'ਗੁਰ ਜੈਸਾ ਨਾਹੀ ਕੋ ਦੇਵ' ਟਾਇਟਲ ਦੀ ਤਸਵੀਰ ਨਾਲ ਮਿਲ ਕੇ ਸੋਨੇ ਤੇ ਸੁਹਾਗੇ ਦਾ ਕੰਮ ਕਰ ਰਿਹਾ ਹੈ। ਇਸ ਸੁੰਦਰ ਤੇ ਸਾਰਥਕ ਪੁਸਤਕ ਦੀ ਭੇਟਾ ਸਿਰਫ਼ 30 ਰੁਪਏ ਰੱਖੀ ਗਈ ਹੈ।

ਵੱਡੀ ਉਮਰ ਦੇ ਪਾਠਕਾਂ ਲਈ ਤਾਂ ਅਨੇਕਾਂ ਪੁਸਤਕਾਂ ਉਪਲਭਧ ਹਨ ਪਰ ਛੋਟੀ ਉਮਰ ਦੇ ਬਾਲਾਂ ਲਈ ਬੀਬੀ ਸਤਿਨਾਮ ਕੌਰ ਜੀ ਦਾ ਇਹ ਇਕ ਵਡਮੁੱਲਾ ਉਪਰਾਲਾ ਹੈ। ਬੀਬੀ ਜੀ ਦੇ ਇਸ ਉਪਰਾਲੇ ਪਿੱਛੇ ਇਕ ਅਨਮੋਲ ਖਿਆਲ ਛੁਪਿਆ ਹੋਇਆ ਹੈ। ਉਹ ਸਮਝਦੇ ਹਨ ਕਿ ਜੇ ਮਾਇਆ ਦੀ ਕਾਲਖ਼ ਤੋਂ ਨਿਰਲੇਪ ਨਿੱਕੀਆਂ ਮਾਸੂਮ ਜ਼ਿੰਦੜੀਆਂ ਨੂੰ ਗੁਰੂ ਦੇ ਲੜ ਲਾ ਦੇਈਏ ਤਾਂ ਉਹ ਸ਼ਬਦ ਗੁਰੂ ਦੇ ਪ੍ਰਕਾਸ਼ ਦਾ ਆਨੰਦ ਮਾਨਣ ਲੱਗ ਪੈਣ ਤਾਂ ਅੱਗੇ ਚੱਲ ਕੇ ਗੁਰਬਾਣੀ ਦੇ ਚਾਨਣ ਨੂੰ ਫੈਲਾਉਣ ਵਾਲੇ ਕਿੰਨੇ ਦੀਪ ਹੋਰ ਜੱਗ ਪੈਣਗੇ ਤੇ ਦੂਜਾ ਪੱਛਮੀ ਪ੍ਰਭਾਵ ਵਾਲੇ ਟੈਲੀਵਿਜ਼ਨਾਂ ਦੇ ਦੁਰਪ੍ਰਭਾਵ ਤੋਂ ਬਚਣ ਲਈ ਬੁਰਾਈ ਨੂੰ ਸ਼ੁਰੂ ਵਿਚ ਹੀ ਦਬਾ ਲਿਆ ਜਾਵੇਗਾ।

ਬੀਬੀ ਸਤਿਨਾਮ ਕੌਰ ਜੀ ਨੇ ਬੱਚਿਆਂ ਦੀ ਸਮਝ ਦੇ ਅਨੁਕੂਲ ਹੀ ਪੁਸਤਕ ਨੂੰ ਚਾਰ ਸੌਖੇ ਤੇ ਸਰਲ ਵਿਸ਼ਿਆਂ ਵਿਚ ਵੰਡਿਆ ਹੈ। ਪਹਿਲੇ ਭਾਗ ਵਿਚ 'ਗੁਰੂ ਦੀ ਮਹੱਤਤਾ' ਬਾਰੇ ਦੱਸਿਆ ਹੈ। ਜਿਸ ਵਿਚ ਦੱਸਿਆ ਗਿਆ ਹੈ ਕਿ ਗੁਰੂ ਦਾ ਅਰਥ ਕੀ ਹੈ ਤੇ ਗੁਰੂ ਕੌਣ ਹੈ। ਦੂਜੇ ਭਾਗ ਵਿਚ ਸਿੱਖਾਂ ਦੇ ਦਸ ਗੁਰੂ ਸਾਹਿਬਾਨ ਬਾਰੇ ਬੜੀ ਸਰਲ ਤੇ ਸੰਖਿਪਤ ਜਾਣਕਾਰੀ ਦਿੱਤੀ ਗਈ ਹੈ। ਤੀਜੇ ਹਿੱਸੇ ਵਿਚ ਵਰਤਮਾਨ ਅਤੇ ਪੱਕੇ ਤੌਰ 'ਤੇ ਰਹਿਣ ਵਾਲੇ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਭਾਵਪੂਰਤ ਜਾਣਕਾਰੀ ਹੈ ਜਿਸ ਨੂੰ ਬੱਚੇ ਸਹਿਜੇ ਹੀ ਗ੍ਰਹਿਣ ਕਰ ਲੈਣਗੇ। ਪੁਸਤਕ ਦੇ ਚੌਥੇ ਤੇ ਅਖੀਰਲੇ ਭਾਗ ਵਿਚ 'ਵਾਹਿਗੁਰੂ ਮੰਤ੍ਰ' ਅਤੇ ਖਾਲਸਾ ਪੰਥ ਬਾਰੇ ਜਾਣਕਾਰੀ ਹੈ।

ਮੈਂ ਸਮਝਦਾ ਹਾਂ ਕਿ ਬੀਬੀ ਸਤਿਨਾਮ ਕੌਰ ਜੀ ਨੇ ਕਿਸ਼ੋਰ ਅਵਸਥਾ ਲਈ ਜੋ ਇਹ ਪੁਸਤਕ ਉਪਲਭਧ ਕਰਵਾਈ ਹੈ ਉਹ ਬੱਚਿਆਂ ਲਈ 'ਬਾਲਕੋਸ਼' ਦਾ ਕੰਮ ਕਰੇਗੀ। ਲੇਖਿਕਾ ਨੇ ਸਿਰਫ਼ ਇਹ ਪੁਸਤਕ ਹੀ ਨਹੀਂ ਲਿਖੀ ਸਗੋਂ ਇਸ ਦੇ ਪਿਛੇ ਉਹਨਾਂ ਦਾ ਇਕ ਲੰਮਾ ਤਜ਼ਰਬਾ ਕੰਮ ਕਰਦਾ ਹੈ। ਉਹ ਨਿੱਕੇ ਬੱਚਿਆਂ ਦੀਆਂ ਸ਼੍ਰੇਣੀਆਂ ਵਿਚ ਜਾ ਕੇ ਉਨ੍ਹਾਂ ਨੂੰ ਗੁਰਬਾਣੀ ਦਾ ਚਾਨਣ ਮਹਿਸੂਸ ਕਰਨ ਦੀ ਜਾਚ ਸਿਖਾ ਰਹੇ ਹਨ। ਹੁਣ ਵੀ ਇਸ ਪੁਸਤਕ ਤੇ ਉਨ੍ਹਾਂ ਨੇ ਆਪਣੇ ਨਾਂ ਦੇ ਨਾਲ ਗੁਰਬਾਣੀ ਕਲਾਸ ਮੁੰਬਈ ਲਿਖਿਆ ਹੈ।

ਨਾਮ ਬਾਣੀ ਨਾਲ ਲੇਖਿਕਾ ਦੀ ਰੂਹ ਇਕ ਹੱਦ ਤੱਕ ਸਰਸ਼ਾਰ ਹੋ ਗਈ ਹੈ, ਇਸ ਗੱਲ ਦਾ ਪਤਾ ਪੁਸਤਕ ਦੇ ਪੰਨਾ 38 ਤੇ ਬਣੇ ਚਿਤਰ ਤੋਂ ਭਲੀ ਭਾਂਤ ਲੱਗ ਜਾਂਦਾ ਹੈ। ਗੁਰਬਾਣੀ ਦੇ ਧਰਾਤਲ ਤੇ ਪੈਦਾ ਹੋਏ ਬੂਟੇ ਨੂੰ ਜੋ ਫੁੱਲ ਖਿੜਿਆ ਹੈ ਉਸ ਦੇ ਬੀਜ਼ ਕੁੰਡ ਵਿਚ ਗੁਰਬਾਣੀ ਦੇ ਫਾਇਦੇ ਪਏ ਦਿਖਾਏ ਹਨ ਤੇ ਉਸ ਵਿਚ ਸੂਰਜਮੁਖੀ ਵਾਂਗੂ ਖਿੜੀਆਂ ਸੋਲਾਂ ਕਲਾਂ ਸੰਪੂਰਨ ਪੱਤੀਆਂ ਗੁਰਬਾਣੀ ਦੇ ਸਾਰੇ ਲਾਭਾਂ ਨੂੰ ਪ੍ਰਗਟ ਕਰ ਰਹੀਆਂ ਹਨ। ਇਸ ਪ੍ਰੇਰਣਾਮਈ ਸਰੋਤ ਤੋਂ ਸਾਰਿਆਂ ਨੂੰ ਚਾਨਣ ਲੈਣ ਲਈ ਪ੍ਰੇਰਿਆ ਵੀ ਗਿਆ ਹੈ। ਗੱਲ ਹੈ ਵੀ ਠੀਕ ਗੁਰਬਾਣੀ ਨੂੰ ਪੜ੍ਹਨ, ਸੁਣਨ ਤੇ ਜ਼ਿੰਦਗੀ ਦੇ ਵਿਹਾਰ ਵਿਚ ਲਿਆਉਣ ਦੇ ਫਾਇਦੇ ਹੀ ਇੰਨੇ ਹਨ ਕਿ ਜੀਵਨ ਦਾ ਕੋਈ ਵੀ ਹਨੇਰਾ ਪੱਖ ਬਾਕੀ ਨਹੀਂ ਰਹਿੰਦਾ। ਜਿੱਥੇ ਇਹ ਪੁਸਤਕ ਬਾਲਾਂ ਲਈ ਚਾਨਣ ਮੁਨਾਰੇ ਦਾ ਕੰਮ ਕਰੇਗੀ ਉਥੇ ਵੱਡਿਆਂ ਲਈ ਵੀ ਪਥ ਪ੍ਰਦਰਸ਼ਕ ਬਣੇਗੀ। ਬੀਬੀ ਸਤਿਨਾਮ ਕੌਰ ਜੀ ਦੀ ਇਹ ਪੁਸਤਕ ਵੀ ਉਨ੍ਹਾਂ ਦੀ ਪਹਿਲੀ ਪੁਸਤਕ 'ਡੇਲੀ ਗੁਰਬਾਣੀ ਰੂਟੀਨ' ਵਾਂਗੂ 'ਬਾਣੀ ਗੁਰੂ ਗੁਰੂ ਹੈ ਬਾਣੀ' ਵਾਲੀ ਸੁਰਤ ਪੈਦਾ ਕਰੇਗੀ।

ਪੁਸਤਕ ਪ੍ਰਾਪਤੀ ਲਈ ਪਤਾ:

Bibi Satnam Kaur,
207. Lok Centre, Marol Maroshi Road,
Marol, Andheri East, Mumbai 400 054

*ਪਿੰਡ ਬਾਸੀਆਂ ਬੈਦਵਾਣ, ਜ਼ਿਲ੍ਹਾ ਫਤਹਿਗੜ੍ਹ ਸਾਹਿਬ, ਪੰਜਾਬ*

# ਕਾਵਿ ਅਤੇ ਸੰਗੀਤ : ਅੰਤਰ ਸਬੰਧ

ਡੇਜ਼ੀ ਵਾਲੀਆ

ਇਹ ਤੱਥ ਸਰਵ ਵਿਦਿਤ ਹੈ ਕਿ ਸਾਹਿਤ ਅਤੇ ਸੰਗੀਤ ਦਾ ਆਪਸ ਵਿਚ ਗੂੜ੍ਹਾ ਸਬੰਧ ਹੈ ਅਤੇ ਇਨ੍ਹਾਂ ਦਾ ਆਪਸੀ ਸਹਿਯੋਗ ਪੁਰਾਤਨ ਕਾਲ ਤੋਂ ਚੱਲਦਾ ਆ ਰਿਹਾ ਹੈ। ਸਾਹਿਤ ਅਤੇ ਸੰਗੀਤ ਦੀ ਦੇਵੀ ਸਰਸਵਤੀ ਨੂੰ ਅਸੀਂ ਇਕੋ ਵੇਲੇ ਵੀਣਾਧਾਰਿਣੀ ਅਤੇ ਪੁਸਤਕ ਧਾਰਿਣੀ ਦੇ ਰੂਪ ਵਿਚ ਵੇਖਦੇ ਹਾਂ। ਭਾਰਤੀ ਸੰਸਕ੍ਰਿਤੀ ਦੇ ਪ੍ਰਤੀਨਿਧ ਸਾਹਿਤਕਾਰ ਸੰਗੀਤ ਦੇ ਮਹਾਨ ਪੰਡਿਤ ਰਹੇ ਹਨ ਅਤੇ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਆਦਿਮ ਸੰਗੀਤਕਾਰ ਨਟਰਾਜ ਦੇ ਤਾਲ-ਲੈਅ ਭਰਪੂਰ ਤਾਂਡਵ ਨਾਲ ਕਾਵਿ ਅਤੇ ਸੰਗੀਤ ਦੇ ਤੱਤਾਂ ਦਾ ਇਕੱਠਾ ਹੀ ਆਰੰਭ ਹੋਇਆ। ਪ੍ਰਾਚੀਨ ਗ੍ਰੰਥਾਂ ਵਿਚ ਇਸ ਪ੍ਰਕਾਰ ਦੀ ਰੀਤ ਮਿਲਦੀ ਹੈ ਕਿ ਸੰਗੀਤ ਦਾ ਆਦਿਮ ਰਾਗ ਭੈਰਵ ਭਗਵਾਨ ਸ਼ਿਵ ਦੇ ਅਘੋਰ ਮੁੱਖ ਤੋਂ ਉਤਪਨ ਹੋਇਆ ਅਤੇ ਸਾਹਿਤ ਦੀ ਆਦਿਮ ਵਰਣਮਾਲਾ ਮਹਾਦੇਵ ਦੇ ਪੈਰ-ਚਾਪ ਨਾਲ ਪ੍ਰਕਾਸ਼ ਵਿਚ ਆਈ।

ਇਹੀ ਕਾਰਨ ਹੈ ਕਿ ਪ੍ਰਾਚੀਨ ਕਾਲ ਵਿਚ ਕਵੀ ਖੁਦ ਗਾਇਕ ਵੀ ਹੁੰਦੇ ਸਨ। ਭਾਰਤੀ ਸੰਸਕ੍ਰਿਤ ਕਾਵਿ ਦੀ ਪਰੰਪਰਾ ਦਾ ਵਾਸਤਵਿਕ ਅਤੇ ਵਿਗਿਆਨਕ ਮੁਲਾਂਕਣ, ਉਸਦੇ ਸੰਗੀਤਾਤਮਕ ਤੱਤਾਂ ਨੂੰ ਲਾਜ਼ਮੀ ਰੂਪ ਵਿਚ ਦ੍ਰਿਸ਼ਟੀਗਤ ਕਰਕੇ ਹੀ ਕੀਤਾ ਜਾ ਸਕਦਾ ਹੈ। ਸੰਗੀਤ ਤੱਤ ਦੀ ਇਹ ਪ੍ਰਤਿਸ਼ਠਾ ਮੱਧਕਾਲ ਦੇ ਸੰਤ ਕਵੀਆਂ ਵਿਚ ਵੀ ਪੂਰਣ ਰੂਪ ਵਿਚ ਦਿਖਾਈ ਦਿੰਦੀ ਹੈ। ਕਿਉਂਕਿ ਇਨ੍ਹਾਂ ਸੰਤ ਕਵੀਆਂ ਨੇ ਆਪਣੇ ਭਜਨ ਅਤੇ ਪਦਾਂ ਦੀ ਰਚਨਾ ਵੇਲੇ ਗਾਇਨ ਨੂੰ ਹੀ ਦ੍ਰਿਸ਼ਟੀ ਵਿਚ ਰੱਖਿਆ ਹੈ। ਪ੍ਰਾਚੀਨ ਗ੍ਰੀਕ ਕਾਵਿ ਦੇ ਅਧਿਐਨ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਕਾਵਿ ਵਿਚ ਸੰਗੀਤ ਤੱਤ ਦੀ ਮਹੱਤਤਾ ਲਾਜ਼ਮੀ ਰੂਪ ਵਿਚ ਸਵੀਕਾਰ ਕੀਤੀ ਗਈ ਹੈ ਕਿਉਂਕਿ ਹੋਮਰ ਆਦਿ ਪ੍ਰਾਚੀਨ ਕਵੀਆਂ ਨੇ ਗਾ ਗਾ ਕੇ ਹੀ ਆਪਣੇ ਮਹਾਂਕਾਵਿ ਦੀ ਰਚਨਾ ਕੀਤੀ।

ਕਾਵਿ ਅਤੇ ਸੰਗੀਤ ਵਿਚ ਇੰਨਾ ਜ਼ਿਆਦਾ ਸੁਮੇਲ ਹੈ ਕਿ ਬਹੁਤ ਸਾਰੇ ਪੱਛਮੀ ਵਿਦਵਾਨ ਕਵਿਤਾ ਦੀ ਪਰਿਭਾਸ਼ਾ ਦਿੰਦੇ ਹੋਏ ਸੰਗੀਤਾਮਕਤਾ ਦਾ ਵੀ ਉਲੇਖ ਕਰਨਾ ਜ਼ਰੂਰੀ ਸਮਝਦੇ ਹਨ। ਪੱਛਮੀ ਵਿਦਵਾਨ ਐਡਗਰ ਏਲਨ ਪੋ ਅਨੁਸਾਰ 'ਸੰਗੀਤ ਦਾ ਜਦੋਂ ਕਿਸੇ ਆਨੰਦਦਾਇਕ ਕਲਪਣਾ ਨਾਲ ਮਿਲਾਪ ਹੁੰਦਾ ਹੈ ਤਾਂ ਉਹ ਕਵਿਤਾ ਬਣ ਜਾਂਦੀ ਹੈ ਅਤੇ ਬਿਨਾ ਕਲਪਨਾ ਦੇ ਸੰਗੀਤ ਸਿਰਫ਼ ਸੰਗੀਤ ਰਹਿ ਜਾਂਦਾ ਹੈ। ਸੰਗੀਤ ਰਹਿਤ ਕਲਪਨਾ ਆਪਣੀ ਸਪੱਸ਼ਟਤਾ ਅਤੇ ਨਿਸ਼ਚਿਤਤਾ ਕਾਰਨ ਗੱਦ ਦਾ ਰੂਪ ਧਾਰਨ ਕਰ ਲੈਂਦੀ ਹੈ।"[1] ਕਾਰਲਾਇਲ ਨੇ ਸੰਗੀਤਮਈ ਵਿਚਾਰਾਂ ਨੂੰ ਹੀ ਕਵਿਤਾ ਕਿਹਾ ਹੈ। "ਜਿਥੋਂ ਤੱਕ ਮੇਰਾ ਸਬੰਧ ਹੈ, ਮੈਨੂੰ ਕਵਿਤਾ ਦੀ ਇਸ ਪ੍ਰਾਚੀਨ ਅਤੇ ਪ੍ਰਮਾਣਿਤ ਪਰਿਭਾਸ਼ਾ ਵਿਚ ਵਿਸ਼ੇਸ਼ ਅਰਥ ਦਿਖਾਈ ਦਿੰਦਾ ਹੈ ਕਿ ਉਹ ਛੰਦਬਧ ਹੁੰਦੀ ਹੈ, ਉਸ ਵਿਚ ਸੰਗੀਤ ਦੀ ਪੁਠ ਹੁੰਦੀ ਹੈ ਅਤੇ ਉਹ ਇਕ ਗੀਤ ਹੁੰਦੀ ਹੈ... ਸੰਗੀਤਾਤਮਕ ਵਿਚਾਰ ਅਤੇ ਭਾਵਨਾ ਅਜਿਹੇ ਮੱਥੇ ਵਿਚ ਬਿਰਾਜਮਾਨ ਹੁੰਦੀ ਹੈ ਜਿਹੜਾ ਵਸਤੂ ਦੀ ਅੰਤਰ ਆਤਮਾ ਵਿਚ ਪ੍ਰਵੇਸ਼ ਕਰਕੇ ਉਸਦੇ ਡੂੰਘੇ ਰਹੱਸ ਦਾ ਪਤਾ ਕਰਦਾ ਹੈ।"[2] ਅਲਫ੍ਰੇਡ ਦਾ ਕਹਿਣਾ ਹੈ ਕਿ "ਕਵਿਤਾ ਰਮਣੀਕਤਾ ਤੋਂ ਖਾਲੀ ਹੈ ਤਾਂ ਫਿਰ ਉਹ ਕਵਿਤਾ ਨਹੀਂ ਹੋ ਸਕਦੀ।"[3] ਲਾਰਡ ਬਾਇਰਨ ਦਾ ਕਥਨ ਹੈ ਕਿ "ਜਦੋਂ ਮਨੁੱਖ ਦੇ ਭਾਵ ਅਤੇ ਇੱਛਾਵਾਂ ਅੰਤਿਮ ਸੀਮਾ ਤੱਕ ਪਹੁੰਚ ਜਾਂਦੀਆਂ ਹਨ ਤਾਂ ਕਵਿਤਾ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਅਸਲ ਵਿਚ ਕਵਿਤਾ ਰਾਗ ਤੋਂ ਬਿਨਾਂ ਕੁਝ ਵੀ ਨਹੀਂ।"[4] ਫੂਲਰ ਅਨੁਸਾਰ "ਕਵਿਤਾ ਸ਼ਬਦਾਂ ਦੇ ਰੂਪ ਵਿਚ ਸੰਗੀਤ ਅਤੇ ਸੰਗੀਤ ਧੁਨੀ ਦੇ ਰੂਪ ਵਿਚ ਕਵਿਤਾ ਹੈ।"[5] ਇ. ਪੋ. ਨਾਮੀ ਅਮਰੀਕਨ ਸਾਹਿਤਕਾਰ ਨੇ "ਸੰਗੀਤਮਈ ਸ਼ਬਦਾਵਲੀ ਨੂੰ ਹੀ ਕਵਿਤਾ ਕਿਹਾ ਹੈ॥"[6] ਇਸ ਤੋਂ ਸਪੱਸ਼ਟ ਹੈ ਕਿ ਕਵਿਤਾ ਨੂੰ ਸੁੰਦਰ ਬਣਾਉਣ ਲਈ ਅਤੇ ਉਸਦੇ ਸੁੰਦਰ ਪਾਠ ਅਤੇ ਰਸੀਲੇਪਨ ਵਾਸਤੇ ਸੰਗੀਤ ਜ਼ਰੂਰੀ ਹੈ। ਇਕ ਹੋਰ ਵਿਚਾਰ ਅਨੁਸਾਰ, "ਕਵਿਤਾ ਅਤੇ ਗੱਦ ਦੀਆਂ ਉਹ ਪੰਕਤੀਆਂ ਹੀ ਸਭ ਤੋਂ ਜ਼ਿਆਦਾ ਯਾਦ ਹੁੰਦੀਆਂ ਹਨ ਅਤੇ ਰਸਾਤਮਕਤਾ ਕਾਰਨ ਕੋਟ ਕੀਤੀਆਂ ਜਾਂਦੀਆਂ ਹਨ ਜਿਹੜੀਆਂ ਸੰਗੀਤਮਈ ਹੋਣ।"[7] ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪੱਛਮੀ ਬੁੱਧੀਮਾਨਾਂ ਨੇ ਭਾਸ਼ਾ ਸੁਹਜ ਨਿਰੂਪਣ, ਕਲਪਣਾ, ਛੰਦ ਆਦਿ ਦੇ ਨਾਲ ਸੰਗੀਤ ਨੂੰ ਵੀ ਕਾਵਿ ਦੇ ਲੱਛਣਾਂ ਵਿਚ ਮਹੱਤਵਪੂਰਨ ਸਥਾਨ ਦਿੱਤਾ ਹੈ। ਭਾਰਤੀ ਅਚਾਰੀਆਂ ਅਤੇ ਪੱਛਮੀ ਵਿਦਵਾਨਾਂ ਨੇ ਹੀ ਨਹੀਂ, ਭਾਰਤੀ ਸਾਹਿਤਕਾਰਾਂ ਨੇ ਵੀ ਸਾਹਿਤ ਵਿਚ ਸੰਗੀਤ ਦੇ ਮਹੱਤਵ ਨੂੰ ਸਵੀਕਾਰ ਕੀਤਾ ਹੈ। ਭਾਰਤੀ ਅਚਾਰੀਆ ਨੇ ਜੇਕਰ ਸਪੱਸ਼ਟ ਰੂਪ ਵਿਚ ਸੰਗੀਤ ਦਾ ਸਹਾਰਾ ਲੈ ਕੇ ਕਵਿਤਾ ਦੀ ਪਰਿਭਾਸ਼ਾ ਨਹੀਂ ਕੀਤੀ, ਫਿਰ ਵੀ ਕਦੀ ਨਾ ਕਦੀ ਨਾਟਯ ਸ਼ਾਸਤਰ ਜਾਂ ਵਿਭਿੰਨ

ਸੰਪਰਦਾਵਾਂ ਦੇ ਮਤ ਨੂੰ ਤਸਦੀਕ ਕਰਦੇ ਕਰਦੇ ਸੰਗੀਤ ਦੇ ਮਹੱਤਵ ਨੂੰ ਸਵੀਕਾਰ ਜ਼ਰੂਰ ਕੀਤਾ ਹੈ। ਭਾਰਤ ਨੇ 'ਨਾਟਯ ਸ਼ਾਸਤਰ' ਵਿਚ ਦ੍ਰਿਸ਼-ਕਾਵਿ ਦੇ ਸਬੰਧ ਵਿਚ ਕਿਹਾ ਹੈ:-

मृदु ललित पदार्थं गूढशब्दार्थहीनं
बुद्धजन सुखयोग्यं बुद्धिमन्नृत्तयोग्यम्।
बहुरसकृत मागं सन्धितन्धान युक्तं
भवति पगति योग्यं नाटकं प्रेक्षकाणाम्॥

ਅਰਥਾਤ ਕੋਮਲ ਪਦਾਰਥ ਯੁਕਤ ਅਤੇ ਗੂੜ ਸ਼ਬਦਾਰਥ ਤੋਂ ਵਿਹੂਣਾ, ਬੁੱਧੀਮਾਨਾਂ ਨੂੰ ਸੁੱਖ ਦੇਣ ਵਾਲਾ ਅਤੇ ਬੁੱਧੀਮਾਨਾਂ ਦੁਆਰਾ ਕੀਤਾ ਗਿਆ ਨ੍ਰਿਤ ਯੁਕਤ, ਸ਼ਿੰਗਾਰ ਆਦਿ ਅਨੇਕ ਰਸਾਂ ਨਾਲ ਯੁਕਤ, ਸੰਧੀਆਂ ਦੇ ਸੁਮੇਲ ਨਾਲ ਯੁਕਤ ਨਾਟਕ ਜਗਤ ਵਿਚ ਦਰਸ਼ਕਾਂ ਦੇ ਯੋਗ ਹੁੰਦਾ ਹੈ। ਇਥੇ ਨ੍ਰਿਤ ਦਾ ਮਹੱਤਵ ਸਵੀਕਾਰ ਕੀਤਾ ਗਿਆ ਹੈ, ਜਿਹੜਾ ਕਿ ਸੰਗੀਤ ਦਾ ਹੀ ਇਕ ਅੰਗ ਹੈ। ਭਾਮਹ ਨੇ ਜਦੋਂ ਸ਼ਬਦਾਰਥ ਯੁਕਤ ਰਚਨਾ ਨੂੰ ਕਾਵਿ ਸਵੀਕਾਰ ਕਰਦੇ ਹੋਏ ਕਾਵਿ ਦੇ ਸਾਰੇ ਸੁਹਜ ਨੂੰ ਉਸੇ ਉਤੇ ਅਧਾਰਤ ਕੀਤਾ ਅਤੇ ਅਚਾਰੀਆ ਕੁੰਤਕ ਨੇ ਕਾਵਿ ਸੁਹਜ ਦੇ ਢੁਕਵੇਂ ਰੂਪ ਵਿਚ ਜਦ ਵਕ੍ਰੋਕਤੀ ਸਿਧਾਂਤ ਦੀ ਸਥਾਪਨਾ ਕੀਤੀ ਤਾਂ ਪ੍ਰਕਾਰ ਅੰਤਰ ਨਾਲ ਉਸ ਵਿਚ ਸੰਗੀਤਾਤਮਕ ਤੱਤਾਂ ਨੂੰ ਵੀ ਸਵੀਕਾਰ ਕੀਤਾ ਹੈ। ਉਨ੍ਹਾਂ ਦੀ ਵਰਣ-ਵਿਨਿਆਸ-ਵਕ੍ਰਤਾ ਅਨੁਪ੍ਰਾਸ ਦਾ ਹੀ ਦੂਜਾ ਨਾਂ ਹੈ, ਜੋ ਵਰਣਾ ਦੇ ਨਿਯਮਤ ਦੁਹਰਾਓ ਦੇ ਨਾਲ ਨਾਲ ਪਰਿਪੂਰਣ ਸੰਗੀਤ-ਸੁਹਜ ਦਾ ਹੀ ਪ੍ਰਮਾਣ ਹੈ।

ਮੈਥਲੀ ਸ਼ਰਣ ਗੁਪਤ ਨੇ ਕਾਵਿ ਨੂੰ ਭਾਵਮਈ ਅਤੇ ਸੰਗੀਤ ਨੂੰ ਧੁਨੀਮਈ ਮੰਨਿਆ ਹੈ ਅਤੇ ਇਨ੍ਹਾਂ ਦੋਹਾਂ ਦੇ ਸਮੇਲ ਨਾਲ ਹੀ ਵਿਚਿਤ੍ਰ ਕਾਵਿ ਦੇ ਨਿਰਮਾਣ ਨੂੰ ਸੰਭਵ ਆਖਿਆ ਹੈ....।

केवल भावमयी कला
ध्वानिमय है संगीत।
भाव और ध्वनिमय उभय
जय कवित्य जय नीति॥

ਬਾਬੂ ਗੁਲਾਬ ਰਾਏ ਜੀ ਵੀ ਸੰਗੀਤ ਅਤੇ ਕਵਿਤਾ ਨੂੰ ਅਟੁੱਟ ਮੰਨਦੇ ਹਨ। ਉਨ੍ਹਾਂ ਅਨੁਸਾਰ "ਸੰਗੀਤ ਆਕਾਰ ਪ੍ਰਧਾਨ ਕਾਵਿ ਹੈ, ਕਾਵਿ ਸਾਰਥਕ ਸੰਗੀਤ ਹੈ"[8] ਆਚਾਰੀਆ ਰਾਮ ਚੰਦ੍ਰ ਸ਼ੁਕਲ ਨੇ ਕਾਵਿ ਵਿਚ ਸੰਗੀਤ ਦਾ ਮਹੱਤਵਪੂਰਨ ਸਥਾਨ ਨਿਸ਼ਚਿਤ ਕੀਤਾ ਹੈ ਅਤੇ ਮੰਨਿਆ ਹੈ ਕਿ "ਕਾਵਿ ਇਕ ਬਹੁਤ ਹੀ ਵਿਆਪਕ ਕਲਾ ਹੈ। ਜਿਸ ਤਰ੍ਹਾਂ ਮੂਰਤ-ਵਿਧਾਨ ਲਈ ਕਵਿਤਾ ਚਿਤ੍ਰ-ਵਿਧਾ ਦੀ ਪ੍ਰਣਾਲੀ ਦੀ ਨਕਲ ਕਰਦੀ ਹੈ, ਉਸੀ ਪ੍ਰਕਾਰ ਧੁਨੀ ਸੁੰਦਰਤਾ ਲਈ ਸੰਗੀਤ ਦਾ ਸਹਾਰਾ ਲੈਂਦੀ ਹੈ। ਧੁਨੀ ਸੌਂਦਰਯ (ਸੁਹਜ) ਕਵਿਤਾ ਦੀ ਉਮਰ ਲੰਬੀ ਕਰਦਾ ਹੈ। ਇਸ ਲਈ ਕੁਝ ਨਾ ਕੁਝ ਤਾਂ ਜ਼ਰੂਰੀ ਹੁੰਦੀ ਹੈ।"[9] ਆਚਾਰੀਆ ਲਲਿਤਾ ਪ੍ਰਸਾਦ ਜੀ ਸ਼ੁਕਲ ਨੇ ਤਾਂ ਕਾਵਿ ਅਤੇ ਸੰਗੀਤ ਨੂੰ ਪਰਿਆਇਵਾਚੀ ਮੰਨਿਆ ਹੈ।" ਰਸਦਾਇਕ ਸ਼ਬਦਾਵਲੀ ਅਤੇ ਭਾਵਨਾਵਾਂ ਦੇ ਸਜੀਵ ਚਿਤ੍ਰ ਜਦੋਂ ਤਾਲ ਅਤੇ ਸਵਰ ਵਿਚ ਬੰਨ ਕੇ ਜਾਂ ਹੋਰ ਕਿਸੀ ਅਜਿਹੇ ਹੀ ਵਿਧਾਨ ਵਿਚ ਸੱਜ ਕੇ ਵਿਅਕਤ ਹੁੰਦੇ ਹਨ, ਜਿਨ੍ਹਾਂ ਦੁਆਰਾ ਅੰਦਰਲੇ ਮਿਲਾਪ ਦੀ ਪ੍ਰਤਿਸਥਾਪਨਾ ਹੋ ਜਾਂਦੀ ਹੈ ਅਤੇ ਰਸ ਦਾ ਪ੍ਰਵਾਹ ਉਮੜਨ ਲਗਦਾ ਹੈ ਤਾਂ ਉਸ ਨੂੰ ਹੀ ਕਾਵਿ ਜਾਂ ਸੰਗੀਤ ਕਹਿੰਦੇ ਹਨ।"[10]

ਆਚਾਰੀਆ ਹਜ਼ਾਰੀ ਪ੍ਰਸਾਦਿ ਦਿਵੇਦੀ ਜੀ ਵੀ ਸੰਗੀਤ ਅਤੇ ਕਾਵਿ ਦੇ ਪਰਸਪਰਿਕ ਸਬੰਧ ਅਤੇ ਮਹੱਤਵ ਨੂੰ ਸਵੀਕਾਰ ਕਰਦੇ ਹਨ: "ਸੰਗੀਤ ਕਲਾ ਸੰਵਾਹਨ ਧੁਨੀ ਹੈ। ਕਾਵਿ ਸ਼ਬਦਾਂ ਦਾ ਇਕ ਵਿਸ਼ੇਸ਼ ਉਤਾਰ, ਚੜਾਅ, ਸੰਗੀਤ ਜਾਂ ਕ੍ਰਮ ਹੈ। ਸ਼ਬਦ ਇਕ ਪਾਸੇ ਪਾਠਕ ਨੂੰ ਅਰਥ ਭੂਮੀ ਵੱਲ ਲੈ ਜਾਂਦੇ ਹਨ, ਉਥੇ ਨਾਦ ਦੁਆਰਾ ਆਸਰੇ ਦਾ ਵਿਧਾਨ ਵੀ ਕਰਦੇ ਹਨ। ਕਾਵਿ ਕਲਾ ਦਾ ਅਧਾਰ ਭਾਸ਼ਾ ਹੈ ਜੋ ਧੁਨੀ ਦਾ ਵੀ ਵਿਕਸਿਤ ਰੂਪ ਹੈ। ਅਰਸਤੂ ਅਨੁਸਾਰ ਕਾਵਿ ਅਤੇ ਸੰਗੀਤ ਦੋਹਾਂ ਦੇ ਰਸ ਦਾ ਮਾਧਿਅਮ ਇਕ ਹੀ ਹੈ। ਸਿਰਫ਼ ਫਰਕ ਇੰਨਾ ਹੈ ਕਿ ਇਕ ਦਾ ਅਧਾਰ ਧੁਨੀ ਦਾ ਸਵਰ ਵਿਅੰਜਨਾਤਮਕ ਸਰੂਪ ਹੈ, ਦੂਸਰੀ ਦਾ ਆਧਾਰ ਧੁਨੀ ਦਾ ਸਵਰਾਤਮਕ ਉਤਰਾਅ ਚੜ੍ਹਾਅ ਹੈ।"[11]

ਉਕਤ ਵਿਆਖਿਆ ਤੋਂ ਸਪਸ਼ਟ ਹੈ ਕਿ ਕਾਵਿ ਵਿਚ ਰੋਚਕਤਾ, ਸੁਹਪਣ ਅਤੇ ਮਧੁਰਤਾ ਲਿਆਉਣ ਲਈ ਸੰਗੀਤ ਦਾ ਵਿਧਾਨ ਜ਼ਰੂਰੀ ਹੈ।

ਜਿਸ ਤਰ੍ਹਾਂ ਕਾਵਿ ਵਿਚ ਸੰਗੀਤ ਤੱਤ ਲਾਜ਼ਮੀ ਹੈ, ਉਸੇ ਤਰ੍ਹਾਂ ਕੰਠ ਸੰਗੀਤ ਵਿਚ ਕਾਵਿ ਤੱਤ ਵੀ ਸਹਾਇਕ ਅਤੇ ਪ੍ਰਸੰਨ ਕਰਨ ਵਾਲਾ ਹੈ। ਸੰਗੀਤ ਵਿਚ ਕਾਵਿ ਤੱਤ ਦਾ ਪ੍ਰਵੇਸ਼ ਅਤਿ ਪ੍ਰਾਚੀਨ ਕਾਲ ਤੋਂ ਹੀ ਮੰਨਿਆ ਜਾਂਦਾ ਹੈ। ਵੈਸੇ ਵੀ ਸੰਗੀਤ ਦੇ ਪ੍ਰਾਰੰਭਿਕ ਰੂਪਾਂ ਦਾ ਕਾਵਿ ਨਾਲ ਬਹੁਤ ਗੂੜਾ ਸਬੰਧ ਸੀ। ਛੰਦ ਪ੍ਰਯੋਗ ਵਿਚ, ਸ਼ਬਦ ਵਿਨਿਆਸ ਵਿਚ ਸੰਗੀਤ ਨੂੰ ਕਾਵਿ ਤੱਤਾਂ ਦਾ ਆਸਰਾ ਲੈਣਾ ਪੈਂਦਾ ਸੀ। ਕਾਵਿ ਤੱਤਾਂ ਦੇ ਪ੍ਰਯੋਗ ਨਾਲ ਸੰਗੀਤ ਦਾ ਅਰਥ ਖ਼ੁਦ ਬ ਖ਼ੁਦ ਪ੍ਰਗਟ ਹੋ ਜਾਂਦਾ ਹੈ। ਸੰਗੀਤ ਦਾ ਮੂਲ ਆਧਾਰ ਧੁਨੀ ਹੈ ਅਤੇ ਉਸਦੀ ਰਮਣੀਕਤਾ ਨਾਲ ਹੀ ਸੰਗੀਤ ਦੀ ਉਚਤਾ ਸਿੱਧ ਹੁੰਦੀ ਹੈ ਅਤੇ ਇਹ ਸ਼ਬਦ-ਪ੍ਰਯੋਗ ਨਾਲ ਹੀ ਸੰਭਵ ਹੈ।

ਇਸ ਲਈ ਜੇਕਰ ਸੰਗੀਤ ਵਿਚੋਂ ਕਾਵਿ ਤੱਤ, ਸ਼ਬਦ-ਪ੍ਰਯੋਗ ਕੱਢ ਦਿੱਤਾ ਜਾਵੇ ਤਾ ਸੰਗੀਤ ਸਿਰਫ਼ ਆਲਾਪ-ਪ੍ਰਲਾਪ ਤੋਂ ਸਿਵਾ ਕੁਝ ਨਹੀਂ ਰਹੇਗਾ। ਇਹ ਕਾਰਨ ਹੈ ਕਿ ਸੰਗੀਤਕਾਰ ਵੀ ਸੰਗੀਤ ਵਿਚ ਕਾਵਿ ਦੇ ਮਹੱਤਵ ਨੂੰ ਸਵੀਕਾਰ ਕਰਦੇ ਹਨ।

ਉਨ੍ਹਾਂ ਦਾ ਕਹਿਣਾ ਹੈ ਕਿ ਸੰਗੀਤ ਨੂੰ ਕਵਿਤਾ ਨਾਲੋਂ ਅੱਡ ਕਰ ਦੇਣਾ ਸਮਝੋ ਉਸਦੇ ਪ੍ਰਭਾਵ ਅਤੇ ਮਹੱਤਵ ਨੂੰ ਬਹੁਤ ਹੀ ਘਟਾ ਦੇਣਾ ਹੈ। ਕਾਵਿ ਵਿਚ ਨਿਹਤ ਸੰਗੀਤ ਤੱਤ ਉਸਦੇ ਆਹਲਾਦਕਾਰੀ ਪ੍ਰਭਾਵ ਅਤੇ ਮਹੱਤਵ ਨੂੰ ਦੂਗਣਾ ਕਰ ਦਿੰਦੇ ਹਨ। ਗਾਇਨ ਆਚਾਰੀਆ ਪੰਡਿਤ ਵਿਸ਼ਨੂ ਦਿਗੰਬਰ ਜੀ ਦਾ ਮਤ ਹੈ ਕਿ "ਸੰਗੀਤ ਅਤੇ ਕਾਵਿ ਦਾ ਜਦੋਂ ਮੇਲ ਹੁੰਦਾ ਹੈ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ। ਸਰਸਵਤੀ ਦੀ ਵੀਣਾ-ਪੁਸਤਕ ਇਸੀ ਦੀ ਉਦਾਹਰਣ ਹੈ।"[12]

ਕਾਵਿ ਅਤੇ ਸੰਗੀਤ ਇਕ ਦੂਸਰੇ ਵਿਚ ਮਿਲੇ ਹੋਏ ਹਨ।" ਮਾਤਾ ਸਰਸਵਤੀ ਦੇ ਇਹ ਦੋ ਸਤਨ ਸਾਹਿਤ ਅਤੇ ਸੰਗੀਤ ਹਨ। ਇਨ੍ਹਾਂ ਦਾ ਦੁੱਧ ਪੀ ਪੀ ਕੇ ਸਾਹਿਤਕਾਰ, ਸਾਹਿਤਕਾਰ ਬਣਿਆ ਹੈ ਅਤੇ ਸੰਗੀਤਕਾਰ, ਸੰਗੀਤਕਾਰ।"[13] ਪੰਡਿਤ ਓਂਕਾਰ ਨਾਥ ਠਾਕਰ ਨੇ ਤਾਂ ਸੰਗੀਤ ਅਤੇ ਸਾਹਿਤ ਦੇ ਘਣੇ ਸਬੰਧਾਂ ਦੀ ਪੁਸ਼ਟੀ ਮਹੱਤਵਪੂਰਨ ਸ਼ਬਦਾਂ ਵਿਚ ਕਰਦੇ ਹੋਏ ਕਿਹਾ ਹੈ ਕਿ "ਮੈਂ ਤਾਂ ਸਾਹਿਤ ਅਤੇ ਸੰਗੀਤ ਨੂੰ ਸਦਾ ਹੀ ਸਕਾ ਮੰਨਦਾ ਆਇਆ ਹਾਂ, ... ਸਾਹਿਤ ਜਿਸਦਾ ਜੀਵਨ ਹੈ ਅਤੇ ਸੰਗੀਤ ਜਿਸਦਾ ਜੀਵਨ ਦਾ ਨਿਚੋੜ ਹੈ, ਅਜਿਹੀ ਵੀਣਾ-ਪੁਸਤਕ ਧਾਰਿਣੀ ਭਗਵਤੀ ਭਾਰਤੀ ਮਾਤਾ ਦੇ ਦੋਵੇਂ ਸਤਨਾਂ ਦਾ ਗ੍ਰਹਿਣ ਕਰਕੇ ਹੀ ਜਿਸਦੇ ਜੀਵਨ ਦੀ ਬਣਤਰ ਘੜੀ ਗਈ ਹੈ। ਅਜਿਹੇ ਸਾਹਿਤਕਾਰ ਅਤੇ ਸੰਗੀਤਕਾਰ ਲਈ .... ਭਰਾ ਤੋਂ ਬਿਨਾਂ ਹੋਰ ਕਿਹੜਾ ਯੋਗ ਸਬੰਧ ਮੰਨਿਆ ਜਾ ਸਕਦਾ ਹੈ। ਆਪਣੀਆਂ ਦੋ ਅੱਖਾਂ ਜੋ ਕਿ ਇਕ ਸਾਥ ਵੇਖਦੀਆਂ ਹਨ, ਹਸਦੀਆਂ ਅਤੇ ਰੋਂਦੀਆਂ ਹਨ, ਬਿਲਕੁਲ ਅਜਿਹਾ ਹੀ ਸਬੰਧ ਸਾਹਿਤ ਅਤੇ ਸੰਗੀਤ ਦਾ ਹੈ।"[14] ਸ੍ਰੀ ਵਿਠੁਲ ਭੂਸ਼ਣ ਡਾ. ਸ਼ੁਕਲ ਸੰਗੀਤ ਰਤਨ ਨੇ ਸਾਹਿਤ ਅਤੇ ਸੰਗੀਤ ਨੂੰ ਸੱਕਾ ਮੰਨਦੇ ਹੋਏ ਇਕ ਦੂਸਰੇ ਦਾ ਪਰਿਆਇਵਾਚੀ ਮੰਨਿਆ ਹੈ "ਸਾਹਿਤ ਅਤੇ ਸੰਗੀਤ ਇਕ ਦੂਜੇ ਦੇ ਭਰਾ ਭਰਾ ਹਨ ਕਿਉਂਕਿ ਦੋਹਾਂ ਦੀ ਉਤਪਤੀ ਧੁਨੀ ਤੋਂ ਹੋਈ ਹੈ। ਜੇਕਰ ਧੁਨੀ ਦੇ ਗਹਿਰੇ ਅਰਥਾਂ ਅਤੇ ਵਿਆਪਕਤਾ ਦਾ ਮਨਨ ਕੀਤਾ ਜਾਵੇ ਤਾਂ ਇਹ ਨਿਰਵਿਵਾਦ ਸਿੱਧ ਹੋ ਜਾਵੇਗਾ ਕਿ ਸੰਗੀਤ, ਨਾਦ, ਧੁਨੀ ਸ਼ਬਦ, ਸਵਰ ਖੁਦ ਕਾਵਿ ਹਨ ਜੋ ਉਰਮੀ ਤੰਤਰੀ ਨੂੰ ਝੰਕ੍ਰਿਤ ਕਰਕੇ ਰਾਗਾਤਮਕ ਜੀਵਨ ਦੀ ਪੁਸ਼ਟੀ ਕਰਨ ਦੀ ਸਮਰਥਾ ਰੱਖਦਾ ਹੈ।"[15]

ਇਸ ਤਰ੍ਹਾਂ ਕਾਵਿ ਅਤੇ ਸੰਗੀਤ ਦੋਹਾਂ ਵਿਚ ਅਜਿਹੇ ਅਨੇਕ ਤੱਤ ਵਿਦਮਾਨ ਹਨ, ਜਿਨ੍ਹਾਂ ਕਾਰਨ ਕਾਵਿ ਅਤੇ ਸੰਗੀਤ ਦੋਹਾਂ ਦਾ ਪਰਸਪਰਿਕ ਸਬੰਧ ਬਣਿਆ ਹੋਇਆ ਹੈ।

*ਪੁਸਤਕ 'ਸੰਗੀਤ ਨ੍ਰਿਤ ਅਤੇ ਕਾਵਿ' ਵਿਚੋਂ ਧੰਨਵਾਦ ਸਹਿਤ*

# ਗੁਰੂ ਘਰ ਦੇ ਕੀਰਤਨੀਏ-ਭਾਈ ਅਵਤਾਰ ਸਿੰਘ 'ਹੰਸ'

ਸ. ਹਰਨੇਕ ਸਿੰਘ (ਰਿਟਾ.ਬੀ.ਈ.ਓ.)

ਅੱਜ ਦੇ ਪਦਾਰਥਵਾਦੀ ਯੁੱਗ ਵਿਚ ਸਵੈ ਸੇਵੀ ਸੰਸਥਾਵਾਂ ਅਤੇ ਪਰੰਪਰਾਵਾਂ ਕਾਫ਼ੀ ਹੱਦ ਤਕ ਵਪਾਰਕ ਰੁਚੀਆਂ ਦਾ ਸਰੋਤ ਬਣ ਚੁੱਕੀਆਂ ਹਨ। ਫਿਰ ਵੀ ਅਜਿਹੇ ਸਮੇਂ ਵਿਚ ਭਾਈ ਅਵਤਾਰ ਸਿੰਘ 'ਹੰਸ' ਗੁਰਮਤਿ ਅਤੇ ਗੁਰਸਿੱਖੀ ਦੇ ਰੰਗ ਵਿਚ ਰੰਗਣ ਪਕੜਕੇ ਰੋਹੀ ਦੇ ਫੁੱਲ ਵਾਂਗ ਨਿੱਕੇ ਨਿੱਕੇ ਰੱਬੀ ਰੂਪ ਵਰਗੇ ਬੱਚਿਆਂ ਨੂੰ ਖੁਸ਼ਬੋਆਂ ਵੰਡ ਰਹੇ ਹਨ।

ਭਾਈ ਅਵਤਾਰ ਸਿੰਘ ਜੀ ਦਾ ਜਨਮ ਪਿੰਡ ਅਲਾਲ ਜ਼ਿਲ੍ਹਾ ਸੰਗਰੂਰ ਸ. ਹਰਬੰਸ ਸਿੰਘ ਹੰਸ ਦੇ ਘਰ 1969 ਵਿਚ ਹੋਇਆ। ਪਰਿਵਾਰ ਵਿਚ ਸਿੱਖੀ ਮਾਹੌਲ ਮਿਲਣ ਕਰਕੇ ਇਨ੍ਹਾਂ ਦਾ ਬਚਪਨ ਧਾਰਮਿਕ ਰੰਗਤ ਵਿਚ ਰੰਗਿਆ ਗਿਆ। ਇਨ੍ਹਾਂ ਅੰਦਰ ਛੁਪੇ ਅਨਮੋਲ ਰਾਗਾਂ ਨੂੰ ਪ੍ਰਫੁੱਲਤ ਕਰਨ ਵਿਚ ਬਾਬਾ ਮੁਖਤਿਆਰ ਸਿੰਘ ਮੁਖੀ ਵਲੋਂ ਭਰਵਾਂ ਯੋਗਦਾਨ ਪਾਇਆ ਗਿਆ।

ਆਪ ਜੀ ਨੇ ਜ਼ਿੰਦਗੀ ਦੇ ਸੁਖ ਅਰਾਮ ਤਿਆਗ ਕੇ ਅਤੇ ਸਖਤ ਮਿਹਨਤ ਨਾਲ ਅਲੱਗ ਅਲੱਗ ਥਾਵਾਂ ਤੇ ਸਕੂਲੀ ਬੱਚਿਆਂ ਨੂੰ ਗੁਰਮਤਿ ਸੰਗੀਤ ਦੀਆਂ ਦਾਤਾਂ ਵੰਡ ਰਹੇ ਹਨ। ਇਸ ਪਵਿੱਤਰ ਮੁਹਿੰਮ ਵਿਚ ਇਨ੍ਹਾ ਦੀ ਧਰਮ ਸੁਪਤਨੀ ਬੀਬੀ ਗੁਰਿੰਦਰਜੀਤ ਕੌਰ ਦਾ ਵੀ ਵਿਸ਼ੇਸ਼ ਸਹਿਯੋਗ ਇਨ੍ਹਾਂ ਨਾਲ ਹੈ।

ਵਿਸ਼ੇਸ਼ ਵਰਨਣਯੋਗ ਹੈ ਕਿ ਭਾਈ ਅਵਤਾਰ ਸਿੰਘ ਜੀ ਨੇ ਟਕਸਾਲੀ ਪੂਰਨਿਆਂ 'ਤੇ ਚੱਲਦੇ ਹੋਏ ਸਿੱਖ ਰਹਿਤ ਮਰਿਯਾਦਾ ਦੀ ਡਟ ਕੇ ਪਾਲਣਾ ਕੀਤੀ। ਮਨਮੱਤ, ਨਿੱਜਵਾਦ ਅਤੇ ਡੇਰਾਵਾਦ ਤੋਂ ਨਿਰਲੇਪ ਹੋ ਕੇ ਬਾਲ ਜਗਤ ਦੇ ਮਨਾਂ ਨੂੰ ਸ਼ਬਦ ਗੁਰੂ ਨਾਲ ਰੰਗਿਆ। ਬਾਲ ਮਨਾਂ ਵਿਚ ਉਕਰੇ ਗੁਰੂ ਸ਼ਬਦਾਂ ਨੂੰ ਜਦੋਂ ਭਾਈ ਸਾਹਿਬ ਬਤੌਰ ਜੱਜ ਵਿਦਿਆਰਥੀ ਮੁਕਾਬਲਿਆਂ 'ਚ ਜਜਮੈਂਟ ਕਰਦੇ ਹਨ ਤਾਂ ਉਹ ਸਿੱਖ ਬੱਚਿਆਂ ਦੇ ਜੋਸ਼ ਮਸਤੀ ਅਤੇ ਸ਼ਬਦ ਪ੍ਰਤੀ ਲੀਨ ਬੁੱਧੀ ਨੂੰ ਸੁਣ ਕੇ ਵੇਖ ਕੇ ਬਹੁਤ ਹੀ ਅਨੰਦਤ ਹੋ ਜਾਂਦੇ ਹਨ ਜਿਵੇਂ ਕਿ ਕੋਈ ਕਿਸਾਨ ਪੱਕੀ ਫ਼ਸਲ ਵੇਖ ਕੇ ਖੁਸ਼ ਹੁੰਦਾ ਹੈ।

ਆਪ ਗੁਰੂ ਨਾਨਕ ਦੇਵ ਜੀ ਦੀ ਦਾਤ 'ਕੀਰਤਨ ਨਿਰਮੋਲਕ ਹੀਰਾ' ਨੂੰ ਨਿਸ਼ਕਾਮ ਸੇਵਾ ਵਜੋਂ ਵੰਡ ਰਹੇ ਹਨ। ਇਸ ਦੇ ਨਾਲ ਹੀ ਸਿੱਖ ਸਿਧਾਂਤਾਂ ਅਨੁਸਾਰ ਜਥੇਬੰਦਕ ਪ੍ਰਚਾਰ ਵਿਚ ਵੀ ਬਹੁਤ ਯੋਗਦਾਨ ਪਾ ਰਹੇ ਹਨ। ਆਪ ਸੰਗਰੂਰ, ਮਸਤੂਆਣਾ ਸਾਹਿਬ, ਲੌਂਗੋਵਾਲ ਆਦਿ ਅਨੇਕਾਂ ਥਾਵਾਂ ਤੇ ਰਾਗ ਵਿੱਦਿਆ ਲਗਾਤਾਰ ਵੰਡ ਰਹੇ ਹਨ।

ਅੱਜ ਵੀ ਭਾਈ ਅਵਤਾਰ ਸਿੰਘ ਜੀ ਦੀ ਪ੍ਰਭਾਵਸ਼ਾਲੀ ਸਖਸ਼ੀਅਤ ਤੋਂ ਹਜ਼ਾਰਾਂ ਲੋਕ ਪ੍ਰਭਾਵਿਤ ਹੋ ਕੇ ਆਪ ਮੁਹਾਰੇ ਹੀ ਕਹਿੰਦੇ ਸੁਣੇ ਜਾ ਸਕਦੇ ਹਨ ਕਿ 'ਕਹਿਣੀ ਤੇ ਕਰਨੀ ਦੇ ਸੁਮੇਲ ਹਨ ਭਾਈ ਅਵਤਾਰ ਸਿੰਘ' ਦੇ ਦਰਸ਼ਨ ਕਰਕੇ ਮਨ ਨੂੰ ਸ਼ਾਂਤੀ ਅਤੇ ਤ੍ਰਿਪਤੀ ਮਿਲਦੀ ਹੈ। ਪ੍ਰਭੂ ਦੇ ਰੰਗ ਵਿਚ ਰੰਗੀਆਂ ਅਜਿਹੀਆਂ ਰੂਹਾਂ ਆਪਣੇ ਆਪ 'ਚ ਹੀ ਬਿਨਾਂ ਬੋਲੇ ਵੱਡੀ ਤੋਂ ਵੱਡੀ ਪ੍ਰਚਾਰਕ ਸੰਸਥਾ ਤੋਂ ਵੀ ਵਧੇਰੇ ਉਸਾਰੂ ਤੇ ਸੁਚਾਰੂ ਪ੍ਰਚਾਰ ਕੇਂਦਰ ਹੋ ਨਿਬੜਦੇ ਹਨ।

ਭਾਈ ਅਵਤਾਰ ਸਿੰਘ ਜੀ ਦੀ ਵਾਹਿਗੁਰੂ ਦੇ ਚਰਨਾਂ 'ਚ ਅਰਦਾਸ ਹੈ ਕਿ ਮੇਰੀ ਸੇਵਾ ਮੇਰੀ ਰਹਿੰਦੀ ਜ਼ਿੰਦਗੀ ਤੱਕ ਓੜਕ ਨਿਭੇ। ਏਸੇ ਤਰ੍ਹਾਂ ਮੇਰਾ ਮਨ ਮੋਹ ਮਾਇਆ ਦੇ ਪ੍ਰਦੂਸ਼ਣ ਤੋਂ ਨਿਰਲੇਪ ਹੋ ਕੇ ਨਿਸ਼ਕਾਮ ਸੇਵਾ ਕਰਦਾ ਹੋਇਆ ਗੁਰੂ ਚਰਨਾਂ ਨਾਲ ਜੁੜਿਆ ਰਹੇ।

# Sikh musicology has power of healing

Gur Kirpal Singh Ashk

Patiala : Honorary professor of the Themes Valley University of London in Sikh music and Sikh musicology Surinder Singh Matharu claims that the Sikh musicology has a great power to heal the human mind and body.

Saying that "Naad Yoga", the 'science of sound' also used by the Sikh gurus, he said that it was based on the principle that music has a certain effect on the voice, as well as by ancient, almost forgotten instruments, which have their roots in Sikhism; they were created by the masters of 'Naad Yoga' themselves, he added.

Surinder Singh, who is also running a private institute of Asian Music in UK, said that the Britons' interest in Sikh musicology was reflected from the fact that out of his 750 students, 70% were the native Britishers. The waiting list for his courses was also quite long with another 3,500 people from North America, France and Germany in queue for getting admission of different disciplines of musicology.

The musician claimed that Royal British Library was the place in the world which had treasury of Sikh culture and music and the Indian government as well as the Sikh institutions should make efforts to get the copies of the material lying there. He said that replacing Sikh string instruments with harmonium was a part of the game of Britishers to divide the Sikhs in two groups even at their religious performance level.

Surinder Singh, who is in India these days on the invitation of Delhi Sikh Gurdwara Managment Committee, said that Dr Gurnam Singh of Punjabi University had done a wonderful job for the revival of Sikh string instruments and reidentifying the ragas prescribed in Guru Granth Sahib. He said that his main purpose to visit India especially in Punjab was to meet him so that they could do more in this field.

The musician said that the Sikh musicology had contributed 32 ragas and their different forms in the Indian music while the great musicians like Tansain had contributed only seven ragas but the scholars had not given due recognition of this great contribution. He alleged that the masters of some Indian classical music, with simple changes, changed raag 'Maajh' to raag 'Peelu' and raag 'Aasa' into raag 'Pandu'(Mand).

*(Courtesy: Times of India)*

# Shree Baba Harballabh Sangeet Sammelan

## BRIEF HISTORY

Baba Harballabh, the founder of the glorious Sangeet Sammelan Tradition, was born in the later part of the 19th century in village bajwara, Distt. Hoshiarpur. He spent his early childhood in this village. After demise of his father, his grandfather brought him to Jalandhar, where instead of playing with children of his age, he chose to sit on the foot steps of Shree Devi Talab Mandir, singing bhajans. Realising the religious bent of his mind, his grandfather engaged Pt. Duni Chand to teach him the first lessons of Music.

Baba Harballabh soon gave evidence of this remarkable prowess in classical music. He chose the Dhrupad style of singing bhajans. Dhrupad is a modern form of ancient "Choksha" alias "Suddh Geet". All these are sung in simple, sober and conservative tones of a raga and the artists are not permitted to change any tune at all. It was also the favourite style of Swami Haridas and Mian Tansen.

Baba Harballabh was the favourite disciple of Baba Tuljagir and after the death of Tuljagir in 1874, Baba Harballabh succeeded his Gaddi.

In 1875, Baba Harballabh celebrated the first death anniversary of his Guru. He thought that the best way of paying homage to the great soul was through music. He invited Sadhus and Fakirs to a congregation which lasted for two days.

It started with a Yajna in which 'langar was served among the Sadhus, the poor and the needy. Sadhus recited bhajans in the traditional Dhrupad style in the glory of God and pious men of God. The disciples and the devotees of Baba Tuljagir would sit through the day and cold nights of Paush (15th Dec. to 14th Jan.) with rapt attention and reverence.

Such like congregation soon became a regular annual feature. Upto 1885, the participants in these congregations included only Saints and Sadhus.

Baba Harballabh breathed his last in 1885, but not before he had laid the foundation of a great tradition of Sangeet which has been carried forward with great devotion and dedication by Shree Baba Harballabh Sangeet Mahasabha till date.

It is a pride for Harballabh Sangeet Sammelan that almost all the eminent musicians of this century like Pandit Vishnu Digamber, Pandit Krishna Rao Shankar, Abdul Aziz Khan, Pyare Imamuddin Khan, Bade Ghulam Ali Khan, Pt. Omkar Nath Thakur, Bhim Sen

Joshi, Ustad Bismillah Khan, Gangu Bai Hangal, Pandit Jasraj, Kumar Gandharv, Sunanda Patnaik, Hari Parsad Chaurasia, Rasik Lal Andharia, Ustad Amir Khan, Begum Parveen Sultana, Mohd. Sarhand (Kabul), Pandit Kumar Gandharv, Ustad Salamat Ali, Nazakat Ali(Pakistan) Pt. Ravi Shankar, Ustad Vilayat Khan, Pt. L.G. Tiwari (U.S.A.), Ustad Rashid Khan. Pt. Ajoy Chakraborty, Ustad Hussain Bakhsh & Ustad Tafoo Khan from Pakistan etc. have given their performance in this Sammelan.

To encourage the young & upcoming artists, the Mahasabha started holding Music Competition more than ten years ago in the Category of Vocal, Percussion & Non-percussion, which is attracting competitors from all over the Country.

*Courtesy - from 'Invitation Card'*

# ਸੁਰ ਲਿਪੀ

ਹਰਦੀਪ ਕੌਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ ਦੇਵਗੰਧਾਰੀ ਛੇਵਾਂ ਰਾਗ ਹੈ। ਦੇਵ ਗੰਧਾਰੀ ਇਕ ਪ੍ਰਾਚੀਨ ਰਾਗ ਹੈ ਜਿਸ ਦਾ ਗਾਇਨ ਅਜੋਕੇ ਯੁੱਗ ਵਿਚ ਘੱਟ ਗਿਆ ਹੈ। ਗਾਇਕ ਇਸ ਰਾਗ ਨੂੰ ਦੋ ਪ੍ਰਕਾਰ ਨਾਂਲ ਗਾਉਂਦੇ ਹਨ ਜੁ ਆਸਾਵਰੀ ਥਾਟ ਤੋਂ ਉਤਪਨ ਹੋਏ ਮੰਨੇ ਜਾਂਦੇ ਹਨ। ਦੋਨਾਂ ਦੇ ਗਾਉਣ ਦਾ ਸਮਾਂ ਦਿਨ ਦਾ ਪਹਿਲਾ ਪਹਿਰ ਹੈ। ਦੋਹਾਂ ਦਾ ਅੰਤਰ ਹੇਠ ਲਿਖੇ ਅਨੁਸਾਰ ਹੈ।

ਪਹਿਲਾ ਪ੍ਰਕਾਰ : ਆਰੋਹ ਵਿਚ ਰਿਸ਼ਭ, ਧੈਵਤ ਵਰਜਿਤ ਹਨ, ਅਵਰੋਹ ਸੰਪੂਰਣ, ਵਾਦੀ ਪੰਚਮ ਅਤੇ ਸੰਵਾਦੀ ਸ਼ੜਜ ਹੈ। ਪੂਰਵਾਂਗ ਵਿਚ ਧਨਾਸਰੀ ਅਤੇ ਉਤ੍ਰਾਂਗ ਵਿਚ ਜੌਨਪੁਰੀ ਦਾ ਰੂਪ ਦਿਖਾਈ ਦਿੰਦਾ ਹੈ। ਇਸ ਵਿਚ ਕੇਵਲ ਕੋਮਲ ਗੰਧਾਰ ਦਾ ਪ੍ਰਯੋਗ ਹੁੰਦਾ ਹੈ : ਜਿਵੇਂ

ਸ ਗੁ ਮ ਪ, ਨੁ ਸਂ - ਸਂ ਨੁ ਧੁ ਪ, ਮ ਗੁ ਰ ਸ।

ਦੂਜਾ ਪ੍ਰਕਾਰ : ਵਾਦੀ ਕੋਮਲ ਧੈਵਤ, ਸੰਵਾਦੀ ਕੋਮਲ ਗੰਧਾਰ ਅਤੇ ਜਾਤੀ ਸੰਪੂਰਣ-ਸੰਪੂਰਣ ਹੈ। ਇਸ ਵਿਚ ਦੋਨੋਂ ਗੰਧਾਰ, ਧੈਵਤ ਅਤੇ ਨਿਸ਼ਾਦ ਕੋਮਲ ਹਨ ਅਤੇ ਇਹ ਰਾਗ ਆਸਾਵਰੀ ਅੰਗ ਨਾਲ ਗਾਇਆ ਜਾਂਦਾ ਹੈ ਜਿਵੇਂ :

ਸ ਰ ਗ ਮ, ਪ ਧੁ ਧੁ ਪ, ਮ ਪ ਧੁ ਨੁ ਸਂ।

ਸਂ ਨੁ ਧੁ ਪ, ਧੁ ਮ, ਪ ਗੁ ਰ ਸ।

ਦੇਵਗੰਧਾਰੀ ਕਰੁਣਾ ਤੇ ਸ਼ਾਂਤ ਰਸ ਦਾ ਰਾਗ ਹੈ।

ਥਾਟ - ਆਸਾਵਰੀ (ਦੋਨੋਂ 'ਗ' ਅਤੇ 'ਧੁ', 'ਨੁ' ਕੋਮਲ)

ਜਾਤੀ - ਸੰਪੂਰਣ-ਸੰਪੂਰਣ ਸਮਾਂ - ਦਿਨ ਦਾ ਪਹਿਲਾ ਪਹਿਰ

ਵਾਦੀ - ਧੁ ਸੰਵਾਦੀ - ਗੁ

ਆਰੋਹ - ਸ, ਰ ਗ, ਮ, ਪ, ਧੁ, ਨੁ ਸਂ। ਅਵਰੋਹ - ਸਂ, ਨੁ ਧੁ, ਪ, ਧੁ ਮ, ਪ ਗੁ ਰ ਸ।

ਮੁੱਖ ਅੰਗ - ਸ ਰ ਗ, ਮ, ਪ ਧੁ - ਪ ਧੁ ਮ, ਪ ਗੁ, ਰ ਸ।

*ਤਿੰਨ ਤਾਲ*

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| X | | | | 2 | | | | 0 | | | | 3 | | | |
| ਸਥਾਈ | | | | | | | | | | | | | | | |
| | | | | | | ਸ | ਸ | ਰ | ਰ | ਮ | ਮ | ਪ | ਮ | ਪ | ਸਂ |
| | | | | | | ਅੰ | ਮ੍ਰਿ | ਤਾ | ऽ | ਪ੍ਰਿ | ਅ | ਬ | ਚ | ਨ | ਤੁ |
| | | | | | | S | S | R | R | M | M | P | M | P | Ṡ |
| | | | | | | *A* | *MRI* | *TAA* | *–* | *PARI* | *A* | *BA* | *CHA* | *N* | *TU* |
| ਧੁ | ਧੁ | ਧੁ | ਧੁ | ਪ | - | - | - | ਪ | ਪਧੁ | ਨੁ | ਨੁ | ਧੁ | ਧੁ | ਪ | ਪ |
| ਹਾ | ऽ | ऽ | ऽ | ਰੇ | ऽ | ऽ | ऽ | ਅ | ਛਿ | ਸੁੰ | ऽ | ਦ | ਰ | ਮ | ਨ |
| D | D | D | D | P | - | - | - | P | PD | N | N | D | D | P | P |
| *HAA* | - | - | - | *RAY* | - | - | - | *A* | *T-* | *SUN* | - | *DA* | *R* | *MA* | *N* |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮੁਪੁ | ਧੁਪੁ | ਮ | ਪ | ਗੁ | ਰ | ਸ | - | ਰ | ਨ਼ | ਸ | ਰ | ਗ | ਗ | ਮ | ਮ |
| ਮੋ | ऽऽ | ਹ | ਨ | ਪਿ | ਆ | ਰੇ | ऽ | ਸ | ਭ | ਹੂ | ऽ | ਮ | ऽ | ਧਿ | ਨਿ |
| MP | DP | M | P | G | R | S | - | R | N | S | R | G | G | M | M |
| ***MO*** | **–** | ***HA*** | ***N*** | ***PI*** | ***AA*** | ***RAY*** | **-** | ***SA*** | ***BH*** | ***HOO*** | **-** | ***MA*** | **-** | ***DH*** | ***NI*** |
| | | | | | | | | | | | | | | | |
| ਪਧੁ | ਨੁਧੁ | ਪ | ਮ | ਗੁਰ | ਸ | - | - | | | | | | | | |
| ਗਾ | ऽऽ | ऽ | ऽ | ਰੇ | ऽ | ऽ | ऽ | | | | | | | | |
| PD | ND | P | M | GR | S | - | - | | | | | | | | |
| ***RAA*** | **-** | **-** | **-** | ***RAY*** | **-** | **-** | **-** | | | | | | | | |
| ਅੰਤਰਾ | | | | | | | | | | | | | | | |
| | | | | | | | | ਮ | ਮ | ਪ | ਪ | ਧੁ | ਧੁ | ਨੁ | ਨੁ |
| | | | | | | | | ਗਾ | ऽ | ਜੁ | ਨ | ਚਾ | ऽ | ਹ | ਉ |
| | | | | | | | | M | M | P | P | D | D | N | N |
| | | | | | | | | ***RAA*** | **-** | ***J*** | ***NA*** | ***CHAA-*** | | ***HA*** | ***O*** |
| | | | | | | | | | | | | | | | |
| ਸਂ | - | ਸਂ | - | ਰਂ | ਨੁ | ਸਂ | - | ਨੁ | ਨੁ | ਨੁ | ਨੁ | ਸਂ | - | ਸਂ | - |
| ਮੁ | ਕ | ਤਿ | ਨ | ਚਾ | ऽ | ਹ | ਉ | ਮ | ਨਿ | ਪ੍ਰੀ | ਤਿ | ਚ | ਰਨ | ਕ | ਮ |
| Ṡ | - | Ṡ | - | Ṙ | N | Ṡ | - | N | N | N | N | Ṡ | - | Ṡ | - |
| ***MU*** | ***K*** | ***T*** | ***NA*** | ***CHAA-*** | | ***HA*** | ***O*** | ***MA*** | ***N*** | ***PREE*** | ***T*** | ***CHA*** | ***RAN*** | ***KA*** | ***M*** |
| | | | | | | | | | | | | | | | |
| ਨੁ | ਸਂ | ਰਂ | ਸਂ | ਨੁ | ਧੁਪੁ | ਪ | - | | | | | | | | |
| ਲਾ | ऽ | ऽ | ऽ | ਰੇ | ऽऽ | ऽ | ऽ | | | | | | | | |
| N | Ṡ | Ṙ | Ṡ | N | DP | P | - | | | | | | | | |
| ***LAA*** | **-** | **-** | **-** | ***RAY*** | **-** | **-** | **-** | | | | | | | | |

## ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਹਰਦੀਪ ਕੌਰ*

**ਦੇਵਗੰਧਾਰੀ ੫ ॥**

**Devgandhari 5**

ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ ॥
ਅਤਿ ਸੁੰਦਰ ਮਨਮੋਹਨ ਪਿਆਰੇ
ਸਭ ਹੂ ਮਧਿ ਨਿਰਾਰੇ ॥੧ ॥

O Beloved, Your Words are Ambrosial Nectar. O supremely beautiful Enticer, O Beloved, You are among all, and yet distinct from all. ||1||

ਹੇ ਪਿਆਰੇ! ਹੇ ਬੇਅੰਤ ਸੁੰਦਰ! ਹੇ ਪਿਆਰੇ ਮਨ ਮੋਹਣ! ਹੇ ਸਭ ਜੀਵਾਂ ਵਿਚ ਅਤੇ ਸਭ ਤੋਂ ਵੱਖਰੇ ਰਹਿਣ ਵਾਲੇ ਪ੍ਰਭੂ! ਤੇਰੀ ਸਿਫ਼ਤਿ ਸਾਲਾਹ ਦੇ ਬਚਨ ਆਤਮਕ ਜੀਵਨ ਦੇਣ ਵਾਲੇ ਹਨ। ॥੧॥

ਰਹਾਉ ॥

Pause.

ਰਹਾਉ।

ਰਾਜੁ ਨ ਚਾਹਉ ਮੁਕਤਿ ਨਾ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ ॥
ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ
ਮੋਹਿ ਠਾਕੁਰ ਹੀ ਦਰਸਾਰੇ ॥੧ ॥

I do not seek power, and I do not seek liberation. My mind is in love with Your Lotus Feet. Brahma, Shiva, the Siddhas, the silent sages and Indra - I seek only the Blessed Vision of my Lord and Master's Darshan. ||1||

ਹੇ ਪਿਆਰੇ ਪ੍ਰਭੂ! ਮੈਂ ਰਾਜ ਨਹੀਂ ਮੰਗਦਾ, ਮੈਂ ਮੁਕਤੀ ਨਹੀਂ ਮੰਗਦਾ, (ਮੇਹਰ ਕਰ, ਸਿਰਫ਼ ਤੇਰੇ) ਸੋਹਣੇ ਕੋਮਲ ਚਰਨਾਂ ਦਾ ਪਿਆਰ ਮੇਰੇ ਮਨ ਵਿਚ ਟਿਕਿਆ ਰਹੇ। (ਹੇ ਭਾਈ! ਲੋਕ ਤਾਂ) ਬ੍ਰਹਮਾ, ਸ਼ਿਵ ਕਰਾਮਾਤੀ ਜੋਗੀ, ਰਿਸ਼ੀ, ਮੁਨੀ ਇੰਦ੍ਰ (ਆਦਿਕ ਦਾ ਦਰਸਨ ਚਾਹੁੰਦੇ ਹਨ, ਪਰ) ਮੈਨੂੰ ਮਾਲਕ ਪ੍ਰਭੂ ਦਾ ਦਰਸ਼ਨ ਹੀ ਚਾਹੀਦਾ ਹੈ।

ਦੀਨੁ ਦੁਆਰੈ ਆਇਓ ਠਾਕੁਰ
ਸਰਨਿ ਪਰਿਓ ਸੰਤ ਹਾਰੇ ॥
ਕਹੁ ਨਾਨਕ ਪ੍ਰਭ ਮਿਲੇ ਮਨੋਹਰ
ਮਨੁ ਸੀਤਲ ਬਿਗਸਾਰੇ ॥ ੨ ॥੩ ॥੨੯ ॥ (ਪੰਨਾ ੫੩੪)

I have come, helpless, to Your Door, O Lord Master, I am exhausted - I seek the Sanctuary of the Saints. Says Nanak, I have met my Enticing Lord God; my mind is cooled and soothed - it blossoms forth in joy. ੨ ॥੩ ॥੨੯ ॥

ਹੇ ਠਾਕੁਰ! ਮੈਂ ਗਰੀਬ ਤੇਰੇ ਦਰ ਤੇ ਆਇਆ ਹਾਂ, ਮੈਂ ਹਾਰ ਕੇ ਤੇਰੇ ਸੰਤਾਂ ਦੀ ਸਰਨ ਆ ਪਿਆ ਹਾਂ। ਹੇ ਨਾਨਕ! (ਆਖ .... ਜਿਸ ਮਨੁੱਖ ਨੂੰ) ਮਨ ਮੋਹਣ ਵਾਲੇ ਪ੍ਰਭੂ ਜੀ ਮਿਲ ਪੈਂਦੇ ਹਨ ਉਸ ਦਾ ਮਨ ਸ਼ਾਂਤ ਹੋ ਜਾਂਦਾ ਹੈ, ਖਿੜ ਜਾਂਦਾ ਹੈ। ੨ ॥੩ ॥੨੯ ॥